# ਦ ਰਾਜਿੰਦਰਾ

SWEETNESS AND LIGHT
GOVERNMENT RAJINDRA COLLEGE BATHINDA (PB.)
ESTD. 1940

## 2015-16

# ਪੰਜਾਬੀ ਸੈਕਸ਼ਨ

ਪ੍ਰੋ. ਗੁਰਜੀਤ ਮਾਨਸ਼ਾਹੀਆ
ਅਧਿਆਪਕ ਸੰਪਾਦਕ

ਗੁਰਧਿਆਨ ਸਿੰਘ
ਵਿਦਿਆਰਥੀ ਸੰਪਾਦਕ

# ਤਤਕਰਾ


| ਲੜੀ ਨੰ: | ਰਚਨਾ | ਰਚਨਾਕਾਰ | |
|---|---|---|---|
| 1. | ਸੰਪਾਦਕੀ | ਪ੍ਰੋ. ਗੁਰਜੀਤ ਮਾਨਸ਼ਾਹੀਆ, ਗੁਰਧਿਆਨ ਸਿੰਘ | 1 |
| 2. | ਬੋਲਦੀ ਕਲਮ | ਜਸਦੀਪ ਸਿੰਘ | 2 |
| 3. | ਸਫ਼ਰ | ਰਾਜਪਾਲ ਕੌਰ | 2 |
| 4. | ਖ਼ਤਰੇ | ਗੁਰਧਿਆਨ ਸਿੰਘ ਸਿੱਧੂ | 3 |
| 5. | ਗਜ਼ਲ | ਮੰਦੀਪ ਸਿੰਘ ਮਾਨ | 3 |
| 6. | ਆਦਤ ਬਣ ਗਈ ਏ | ਰਾਜੂ ਸਿੰਘ ਸਫਰ | 4 |
| 7. | ਧੀਆਂ | ਗੁਰਦਾਸ ਸਿੰਘ | 4 |
| 8. | ਭਰੂਣ ਹੱਤਿਆ | ਅਮਨ ਮਾਹੀਨੰਗਲ | 5 |
| 9. | ਖੁਦਾ ਨੂੰ ਸ਼ਿਕਾਇਤ | ਅਮਨਦੀਪ ਕੌਰ ਵੜੈਚ | 5 |
| 10. | ਚਾਰ ਦਿਨਾਂ ਦੀ ਜਿੰਦਗਾਨੀ | ਅਮਨਜੋਤ ਕੌਰ | 6 |
| 11. | ਰਿਸ਼ਤਾ | ਮਨਪ੍ਰੀਤ ਸਿੰਘ | 6 |
| 12. | ਕੁਝ ਲਫਜ਼ ਮੇਰੇ ਬਾਬਲ ਦੇ ਨਾਮ | ਸਰਨਜੀਤ ਕੌਰ ਭੁੱਲਰ | 7 |
| 13. | ਇੱਕ ਹੋਰ ਖ਼ਤ | ਗੁਰਪਾਲ ਸਿੰਘ | 7 |
| 14. | ਤੁਰੋ ਤਾ ਸਹੀ ਜੋ ਤੁਰਦੇ ਹਨ, ਉਹ ਪੁੱਜਦੇ ਹਨ | ਜਗਦੀਪ ਸਰਾਂ | 8 |
| 15. | ਮੇਰੀ ਕਲਮ ਤੋਂ ਤਲਵਾਰ ਬਨਣ ਦਾ ਅਧੂਰਾ ਸਫ਼ਰ | ਚਰਨਜੀਤ ਚੰਨੀ | 9 |
| 16. | ਮਾਂ | ਪ੍ਰਿੰਅਕਾ ਰਾਣੀ | 10 |
| 17. | ਬਿਰਹਾ | ਹਰਵਿੰਦਰ ਕੌਰ | 10 |
| 18. | ਅੱਖਾਂ | ਮਨਦੀਪ ਕੌਰ ਸਿੱਧੂ | 10 |
| 19. | ਹਿਜ਼ਰਾਂ ਦੀ ਉਹ ਰਾਤ | ਸੁਖਮੀਨ ਕੌਰ | 11 |
| 20. | ਔਰਤ ਦੀ ਦਸ਼ਾ | ਗਗਨਦੀਪ ਕੌਰ ਚਹਿਲ | 11 |
| 21. | ਕਵਿਤਾ | ਕਰਮਜੀਤ ਕੌਰ ਕਰਮੀ | 12 |
| 22. | ਆ ਸੱਜਣਾ | ਵੀਰਪਾਲ ਕੌਰ | 12 |
| 23. | ਟਾਕੀਆਂ ਵਾਲੀ ਸੜਕ | ਪ੍ਰਿਅੰਕਾ | 13 |
| 24. | ਚਿੱਟਾ ਮੱਛਰ ਬਨਾਮ ਕਿਸਾਨ | ਮਨਜੋਤ ਕੌਰ | 14 |

# ਸੰਪਾਦਕ ਦੀ ਕਲਮ ਤੋ.....

ਸਾਹਿਤ ਅਤੇ ਸਮਾਜ ਦਾ ਰਿਸ਼ਤਾ ਹਮੇਸ਼ਾ ਹੀ ਗੁੜ੍ਹਾ ਰਿਹਾ ਹੈ ਸਾਹਿਤ ਸਮਾਜ ਵਿੱਚੋਂ, ਸਮਾਜ ਲਈ ਅਤੇ ਸਮਾਜ ਦੁਆਰਾ ਹੀ ਸਿਰਜਿਆ ਜਾਂਦਾ ਹੈ। ਸਮੇਂ, ਸਥਾਨ ਅਤੇ ਲੋੜਾਂ ਅਨੁਸਾਰ ਇਸਦਾ ਸਰੂਪ ਅਤੇ ਵਿਸ਼ਾ ਬਦਲਦਾ ਰਿਹਾ ਹੈ। ਕਲਿਆਣਕਾਰੀ ਸਾਹਿਤ ਸਮਾਜਕ ਵਿਕਾਸ ਲਈ ਸਦਾ ਉਪਯੋਗੀ ਸਿੱਧ ਹੋਇਆ ਹੈ।

ਵਰਤਮਾਨ ਅਤਿਆਧੁਨਿਕ ਯੁੱਗ ਵਿੱਚ ਤਬਦੀਲੀਆਂ ਦੀ ਰਫ਼ਤਾਰ ਬਹੁਤ ਤੇਜ ਹੋ ਗਈ ਹੈ।ਫਲਸਰੂਪ ਸਮਾਜਕ ਵਿਵਸਥਾ ਵਿੱਚ ਵਿਚਰ ਰਹੇ ਮਨੁੱਖ ਦੀ ਅਕਾਂਖਿਆ ਅਤੇ ਸਾਧਨਾ ਵਿਚਕਾਰ ਫਾਸਲਾ ਵੱਧ ਗਿਆ ਹੈ। ਇਹੋ 'ਗੀਤਸ਼ੀਲ ਮਾਨਵ' ਦੀ ਬਹੁਤ ਤਰਾਸ਼ਦੀ ਬਣ ਗਈ ਹੈ ਜਿਸ ਨੂੰ ਸਾਹਿਤ ਪੇਸ਼ ਕਰਲ ਦਾ ਸਫ਼ਲ ਯਤਨ ਕਰ ਰਿਹਾ ਹੈ।

ਕਾਲਜ਼ ਦੇ ਸਲਾਨਾ ਮੈਗਜ਼ੀਨ 'ਦ ਰਾਜਿੰਦਰਾ' ਦੇ ਇਸ ਅੰਕ ਲਈ ਵਿਦਿਆਰਥੀਆਂ ਨੇ ਆਪਣੇ ਮਿਆਰ ਅਨੁਸਾਰ ਰਚਨਾਵਾਂ ਛੱਪਣ ਹਿੱਤ ਭੇਜੀਆਂ । ਸਮਾਜਕ ਪ੍ਰਸਥਿਤੀਆਂ ਵਿੱਚ ਵਿਚਰ ਰਹੇ ਧੁਨੀਆਂ ਰਾਹੀਂ ਅਭਿਵਿਅਕਤ ਕਰਨ ਦਾ ਯਤਨ ਕੀਤਾ ਜੋ ਬਹੁਤ ਸ਼ਲਾਘਾ ਅਤੇ ਅੰਤਰ ਸਬੰਧਾਂ, ਮਾਨਵੀ ਜ਼ਜਬਿਆਂ, ਮਾਨਵ ਦੇ ਤੇਜ ਰਫ਼ਤਾਰ ਚਰਿੱਤਰ ਅਤੇ ਦਿਲ ਦੀਆਂ ਸੱਧਰਾਂ ਦਾ ਭਰਪੂਰ ਚਿੱਤਰਣ ਪੇਸ਼ ਕੀਤਾ ਹੈ। ਜਿਸ ਤੋਂ ਸਿਹਤਮੰਦ ਸਮਾਜ ਦੀ ਸਿਰਜਣ ਦੀ ਉਮੀਦ ਜਾਗਦੀ ਹੈ।

ਆਸ ਹੈ ਇਨ੍ਹਾਂ ਪੁੰਘਰ ਰਹੇ ਸਾਹਿਤਕਾਰਾਂ ਵਿੱਚ ਭਵਿੱਖ ਦੇ ਮਹਾਨ ਸਾਹਿਤਕਾਰ ਪੈਦਾ ਹੋਣਗੇ।

ਪ੍ਰੋ. ਗੁਰਜੀਤ ਸਿੰਘ ਮਾਨਸ਼ਾਹੀਆ
ਪੰਜਾਬੀ ਵਿਭਾਗ

---

'ਦਾ ਰਾਜਿੰਦਰਾ' ਸਾਡੇ ਕਾਲਜ ਦਾ ਇਕ ਸਾਹਿਤਕ ਮੈਗਜ਼ੀਨ ਹੈ। ਮੈਂ ਆਪਣੇ ਆਪ ਨੂੰ ਖੁਸ਼-ਕਿਸਮਤ ਸਮਝਦਾ ਹਾਂ ਕਿ ਮੈਨੂੰ ਇਸ ਮੈਗਜ਼ੀਨ ਦੇ 'ਪੰਜਾਬੀ ਸੈਕਸ਼ਨ' ਨੂੰ ਸੰਪਾਦਤ ਕਰਨ ਦਾ ਮੌਕਾ ਮਿਲਿਆ।ਬਹੁਤ ਸਾਰੇ ਸਾਥੀ ਵਿਦਿਆਰਥੀਆਂ ਨੇ ਆਪਣੀਆਂ ਰਚਨਾਵਾਂ ਮੈਗਜ਼ੀਨ ਵਿਚ ਦਰਜ ਕਰਨ ਲਈ ਦਿੱਤੀਆ ਜੋ ਗੱਲ ਸਾਬਿਤ ਕਰਦਾ ਹੈ ਕਿ 'ਕੁਛ ਕਰ ਗੁਜਰਨੇ ਕੇ ਲੀਏ, ਮੌਸਮ ਨਹੀਂ, ਮਨ ਚਾਹੀਏ'।ਸਾਰੇ ਹੀ ਨੌਜਵਾਨ ਵਿਦਿਆਰਥੀ ਸਾਹਿਤਕਾਰਾਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਰਾਹੀਂ ਸਚਾਈ ਨਾਲ, ਆਪਣੇ ਦਿਲ ਦੀ ਅਵਾਜ, ਲੋਕਾਂ ਤੇ ਮਨੁੱਖਤਾ ਦੀ ਅਵਾਜ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਮੈਂ ਸਾਰੇ ਵਿਦਿਆਰਥੀ ਦੋਸਤਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾ ਨੇ ਮੈਗਜ਼ੀਨ ਰੂਪੀ ਬਗੀਚੇ ਨੂੰ ਆਪਣੀਆਂ ਫੁੱਲਾਂ ਰੂਪੀ ਸਾਹਿਤਕ ਰਚਨਾਵਾਂ ਨਾਲ ਸ਼ਿੰਗਾਰਿਆ ਹੈ।

ਕਿਸੇ ਵੀ ਸਾਹਿਤਕ ਮੈਗਜ਼ੀਨ ਦਾ ਉਦੇਸ਼ ਹੁੰਦਾ ਹੈ ਕਿ ਉਹ ਪਾਠਕ ਦੀ ਸਾਹਿਤਕ ਭੁੱਖ ਜਾਂ ਤ੍ਰਿਪਤੀ ਮਿਟਾਵੇ। ਮੈਨੂੰ ਆਸ ਹੈ ਕਿ 'ਪੰਜਾਬੀ ਸੈਕਸ਼ਨ' ਵਿਚ ਦਰਜ ਸਾਰੀਆਂ ਹੀ ਰਚਨਾਵਾਂ ਪਾਠਕਾਂ ਨੂੰ ਸਾਹਿਤਕ ਆਨੰਦ ਦੇਣਗੀਆਂ।
ਮੇਰੀ ਸਾਰੇ ਹੀ ਸਾਥੀ ਵਿਦਿਆਰਥੀਆਂ ਨੂੰ ਅਪੀਲ ਹੈ ਕਿ ਕੁਝ ਅਜਿਹਾ ਕਰਨਾ ਕਿ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਹੋ ਜਾਵੇ। ਇਸ ਲਈ ਭਾਵੇਂ ਸਾਨੂੰ ਹਜ਼ਾਰਾਂ ਮੁਸ਼ਕਿਲਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ ਪਰ ਇਹਨਾ ਮੁਸ਼ਕਲਾਂ ਦਾ ਸਾਹਮਣਾ ਕਰਕੇ ਆਪਣੀ ਜਿੰਦਗੀ ਵਿਚ ਸਫ਼ਲ ਹੋ ਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਨਾਂ ਜ਼ਰੂਰ ਚਮਕਾਉਣਾ। ਰਾਤ ਤੋਂ ਬਾਅਦ ਹੀ ਦਿਨ ਹੁੰਦਾ ਹੈ, ਹਾਰ ਤੋ ਬਾਅਦ ਹੀ ਜਿੱਤ ਹੁੰਦੀ ਹੈ।
ਇਕ ਸ਼ਾਇਰ ਲਿਖਦਾ ਹੈ:

ਮੁਸ਼ਿਕਲੇਂ ਦਿਲ ਕੇ ਇਰਾਦੇ ਅਜਮਾਤੀ ਹੈਂ, ਹੁਸਨ ਕੇ ਪਰਦੇ ਨਿਗਾਂਹੋ ਸੇ ਹਟਾਤੀ ਹੈਂ।
ਹੌਸਲਾ ਮਤ ਹਾਰ ਗਿਰ ਕਰ ਓ ਮੁਸਾਫ਼ਿਰ, ਠੋਕਰੇਂ ਇਨਸਾਨ ਕੋ ਚਲਨਾ ਸਿਖਾਤੀ ਹੈਂ।

ਰਾਜਿੰਦਰਾ ਕਾਲਜ ਦੇ ਸਾਰੇ ਪ੍ਰੋਫੈਸਰ ਸਾਹਿਬਾਨ ਵਿਦਿਆਰਥੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ। ਅਸੀਂ ਕਿਤੇ ਵੀ ਹੋਈਏ ਰਾਜਿੰਦਰਾ ਕਾਲਜ ਦੇ ਅਧਿਆਪਕਾਂ ਤੇ ਕਾਲਜ ਵਿਚ ਬਿਤਾਏ ਸਮੇਂ ਦੀਆਂ ਯਾਦਾਂ ਸਦੀਵੀਂ ਰੂਪ ਵਿਚ ਸਾਡੇ ਨਾਲ ਰਹਿਣਗੀਆਂ ।
ਅੰਤ ਵਿੱਚ ਕੁਝ ਕਾਵਿ ਲਾਈਨਾਂ ਲਿਖ ਰਿਹਾ ਹਾਂ:-

ਰਾਜਿੰਦਰਾ ਵਿਚ ਬਿਤਾਏ ਜੋ ਦਿਨ, ਕਦੇ ਭੁਲਾਏ ਨਹੀਂ ਜਾਣੇ ਇਹ ਦਿਨ।
ਬਹੁਤ ਕੁਝ ਸਿੱਖਿਆ ਤੇ ਦੇਖਿਆ, ਪਿਆਰੇ ਦੋਸਤਾਂ ਦੇ ਸੰਗ ਬਿਤਾਏ ਦਿਨ ।
ਸਾਡੇ ਮਾਰਗ ਦਰਸ਼ਕ ਬਣੇ ਅਧਿਆਪਕ ਇੱਥੇ, ਉਹਨਾਂ ਦੀਆਂ ਗੱਲਾਂ ਯਾਦ ਰਹਿਣਗੀਆਂ ਹਰ ਦਿਨ।
ਕਰ ਦੇਣਾ ਹੈ ਰੋਸ਼ਨ ਦੋਸਤੋ! ਰਾਜਿੰਦਰਾ ਦਾ ਨਾਂ ਇਕ ਦਿਨ।

ਗੁਰਧਿਆਨ ਸਿੰਘ ਸਿੱਧੂ
ਬੀ.ਏ. ਭਾਗ-।।।

# ਬੋਲਦੀ ਕਲਮ

ਇੱਕ ਬੋਲਦੀ ਕਲਮ ਸੀ ਮਿਲੀ ਮੈਨੂੰ,
ਜੋ ਜੀਣਾ ਮੈਨੂੰ ਸਿਖਾ ਗਈ ਏ,
ਭਾਵੇ ਤੁਰਨਾ ਨਹੀਂ ਸੀ ਜਾਣਦਾ ਮੈਂ,
ਪਰ ਸਿੱਧੇ ਰਸਤੇ ਪਾ ਗਈ ਏ।
ਕਲਮ ਤਾਂ ਹਰ ਦੇ ਹੱਥ ਵਿਚ ਆਉਂਦੀ ਏ,
ਤੇ ਬੋਲਣਾ ਜਾਣਦੀ ਏ,
ਹਰ ਕਲਮ ਨਾ ਜੁਲਮ ਤੋਂ ਡਰਦੀ ਏ,
ਹਰ ਕਲਮ ਹੀ ਸੱਚ ਪਛਾਣਦੀ ਏ।
ਇਸ ਕਲਮ ਨੇ ਗੁਰੂ ਗ੍ਰੰਥ ਸਾਹਿਬ ਜੀ
ਤੇ ਮਹਾਂਭਾਰਤ ਵੀ ਲਿਖਿਆ ਏ,
ਇਸ ਕਲਮ ਨੇ ਲਿਖਿਆ ਉਹ ਵੀ ਏ
ਜੋ ਬੁਰਾ ਹੁੰਦਾ ਹੋਇਆ ਦਿਖਿਆ ਏ।
ਇਸ ਕਲਮ ਨੂੰ ਭਗਤ ਸਿੰਘ, ਊਧਮ ਸਿੰਘ
ਤੇ ਕਰਤਾਰ ਸਿੰਘ ਨੇ ਚੁੱਕਿਆ ਏ,
ਇਸ ਕਲਮ ਨੂੰ ਪੁੱਛਿਆ ਜਿਸ ਨੇ ਵੀ,
ਉਹਨੂੰ ਸਿੱਧਾ ਰਾਹ ਹੀ ਦੱਸਿਆ ਏ।
ਨਾ ਹੀ ਇਸ ਕਲਮ ਦੀ ਖੁਰਾਕ ਕੋਈ ਤੇ
ਨਾ ਹੀ ਖਾਂਦੀ ਰੋਟੀ ਏ,
ਇਸ ਕਲਮ ਨੂੰ ਅਣਥੱਕ ਚਾਹੀਦਾ,
ਭਾਵੇ ਉਮਰ ਵੱਡੀ ਜਾ ਛੋਟੀ ਏ।
ਉਸਨੂੰ ਦਰਦ ਤੋਂ ਰਾਹਤ ਮਿਲੀ,
ਜਿੰਨੇ ਕਲਮ ਨੂੰ ਸਾਥੀ ਬਣਾਇਆ ਏ,
ਇਸ ਕਲਮ ਨੇ ਜੇ ਕਰਨਾ ਪਿਆਰ ਸਿਖਾਇਆ,
ਤਾਂ ਦਰਦ ਵੀ ਜਗਾਇਆ ਏ।
ਜੇ ਕਲਮ ਚਾਹੇ ਤਾ ਸਰਕਾਰਾਂ ਖਿਲਾਫ਼ ਵੀ
ਆਪਣੀ ਆਵਾਜ਼ ਉਠਾ ਜਾਂਦੀ ਏ,
ਪਰ ਚੁਪ ਕਰ ਜਾਂਦਾ ਹਰ ਕੋਈ,
ਜਦੋਂ ਮੰਜਿਲ ਉਸਨੂੰ ਆਪਣੀ ਮਿਲ ਜਾਂਦੀ ਏ।
ਭਰਨ ਦੀ ਚਾਹਤ ਹੋਵੇ ਉਡਾਣ ਪਹਿਲੀ,
ਪਰ 'ਬੋਲਦੀ ਕਲਮ' ਉਡਾਣ ਪਹਿਲੀ ਨੂੰ
ਪਵਿੱਤਰ ਬਣਾ ਜਾਂਦੀ ਏ।

**ਜਸਦੀਪ ਸਿੰਘ**
ਬੀ.ਏ. ਭਾਗ ਤੀਜਾ
ਰੋਲ ਨੰ :- 9012

# ਸਫ਼ਰ

ਕਿਉਂ ਸਦਾ ਮੇਰੇ ਲਈ, ਏਹੋ ਨਜ਼ਾਰਾ ਹੀ ਰਿਹਾ।
ਮੈਂ ਮੁਸਾਫ਼ਿਰ ਹੀ ਰਿਹਾ, ਤੂੰ ਸਦਾ ਸਿਤਾਰਾ ਹੀ ਰਿਹਾ।
ਮੈਂ ਪਾਰ ਕਰਾਂ ਇੱਕ ਦਰਿਆ,
ਫਿਰ ਇੱਕ ਹੋਰ ਦਰਿਆ ਨਜ਼ਰ ਆਵੇ,
ਹਰ ਸਫ਼ਰ ਮੇਰੇ ਲਈ ਇੰਝ ਦੁਬਾਰਾ ਹੀ ਰਿਹਾ।
ਇੱਕ ਪਲੜੇ ਵਿੱਚ ਭਰ ਲਈ ਉਸਨੇ ਦੁਨੀਆਂ ਦੀ ਵਫ਼ਾ
ਪਰ ਹਰ ਵਾਰ ਮੇਰੀ ਵਫਾ ਦਾ ਪੱਲੜਾ ਭਾਰਾ ਹੀ ਰਿਹਾ।
ਮੈਂ ਮੁਸਾਫ਼ਿਰ ਹੀ ਰਿਹਾ....।

ਮੈਂ ਆਪਣੀ ਵਫਾ ਦੇ ਸਭ ਪਤਾਸੇ ਖੋਰ-ਖੋਰ ਪੀ ਲਏ,
ਦਿਲ ਮੇਰੇ ਦਾ ਸਮੁੰਦਰ ਫਿਰ ਵੀ ਖਾਰਾ ਹੀ ਰਿਹਾ।
ਮੈਂ ਮੁਸਾਫ਼ਿਰ ਹੀ ਰਿਹਾ....।

ਕਿੰਨੀਆਂ ਹੀ ਸਜਾਈਆਂ ਮਹਿਫ਼ਲਾਂ ਤੇਰੀ ਯਾਦ'ਚ,
ਪਰ ਦਿਲਾਂ ਵਿੱਚ ਫਿਰ ਵੀ ਉਜਾੜਾ ਹੀ ਰਿਹਾ,
ਮੈਂ ਮੁਸਾਫ਼ਿਰ ਹੀ ਰਿਹਾ....।

ਮੈਂ ਹਰ ਪਲ ਹੀ ਰਿਹਾ ਇਸ ਕੋਸ਼ਿਸ਼ 'ਚ,
ਬਣਾਂ ਤੇਰੀ ਜ਼ਿੰਦਗੀ ਵਿੱਚ ਹਮਸਫ਼ਰ।
ਪਰ ਆਪਣੀ ਜ਼ਿੰਦਗੀ ਦਾ ਸਫ਼ਰ ਬੇਸਹਾਰਾ ਹੀ ਰਿਹਾ।
ਮੈਂ ਮੁਸਾਫ਼ਿਰ ਹੀ ਰਿਹਾ....।

ਤਾਂਘ ਮੈਨੂੰ ਵੀ ਸੀ ਤੇਰੇ ਵਾਂਗ, ਸਾਗਰ ਨਾਲ ਮਿਲਣ ਦੀ
ਪਰ ਤੂੰ ਨਦੀ ਸੀ, ਮੈਂ ਤੇਰਾ ਕਿਨਾਰਾ ਹੀ ਰਿਹਾ।
ਮੈਂ ਮੁਸਾਫ਼ਿਰ ਹੀ ਰਿਹਾ, ਤੂੰ ਸਦਾ ਸਿਤਾਰਾ ਹੀ ਰਿਹਾ।

ਰਾਜਪਾਲ ਕੌਰ
ਬੀ.ਏ.ਤੀਜਾ
ਰੋਲ ਨੰ:9387

# ਖ਼ਤਰੇ

ਹੱਸਣ 'ਚ ਮੂਰਖ ਲੱਗਣ ਦਾ ਖਤਰਾ ਹੈ
ਰੋਣ 'ਚ ਭਾਵੁਕ ਸਮਝੇ ਜਾਣ ਦਾ ਖਤਰਾ ਹੈ।

ਦੂਜਿਆਂ ਨਾਲ ਸਬੰਧ ਜੋੜਨ ਵਿਚ ਵੀ ਖਤਰਾ ਸ਼ਾਮਿਲ ਹੁੰਦਾ ਹੈ।
ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਨ 'ਚ ਆਪਣੇ ਅੰਦਰਲੇ ਸੱਚ ਦੇ ਖੁੱਲ੍ਹਣ ਦਾ ਖਤਰਾ ਹੁੰਦਾ ਹੈ।

ਆਪਣੇ ਵਿਚਾਰ, ਆਪਣੇ ਸੁਪਨੇ, ਕਿਸੇ ਭੀੜ ਅੱਗੇ ਰੱਖਣ 'ਚ ਉਹਨਾਂ ਦੇ ਗੁਆਚ ਜਾਣ ਦਾ ਖਤਰਾ ਹੈ।
ਜੇ ਪ੍ਰੇਮ ਦਿੱਤਾ ਜਾਵੇ ਤਾਂ ਉਸਦੇ ਬਦਲੇ 'ਚ ਪਿਆਰ ਨਾ ਮਿਲਣ ਦਾ ਖਤਰਾ ਹੁੰਦਾ ਹੈ।

ਆਸ਼ਾ 'ਚ ਨਿਰਾਸ਼ਾ ਦੇ ਹੋਣ ਦਾ ਖ਼ਤਰਾ ਹੈ।
ਕੋਸ਼ਿਸ਼ ਕਰਨ 'ਚ ਅਸਫਲਤਾ ਦਾ ਡਰ ਹੈ।

ਪਰ ਖਤਰਾ ਜਰੂਰ ਲੈ ਲੈਣਾ ਚਾਹੀਦਾ ਹੈ ਕਿਉਂਕਿ ਜਿੰਦਗੀ ਵਿਚ ਖਤਰਾ ਮੁੱਲ ਨਾ ਲੈਣਾ ਹੀ ਸਭ ਤੋਂ ਵੱਡਾ ਖਤਰਾ ਹੈ। ਜਿਹੜਾ ਬੰਦਾ ਖਤਰੇ ਨਹੀਂ ਉਠਾਉਂਦਾ, ਉਹ ਕੁਝ ਨਹੀ ਕਰਦਾ।
ਨਾਂ ਹੀ ਕੁਝ ਪ੍ਰਾਪਤ ਕਰਦਾ ਹੈ, ਤੇ ਨਾ ਹੀ ਕੁਝ ਬਣਦਾ ਹੈ।ਉਹ ਦੁੱਖ-ਤਕਲੀਫ ਤੋਂ ਤਾਂ ਬਚ ਸਕਦੇ ਹਨ ਪਰ ਉਹ ਸਿੱਖਣ, ਮਹਿਸੂਸ ਕਰਨ, ਬਦਲਾਵ ਲਿਆਉਣ, ਅੱਗੇ ਵੱਧਣ,

ਪਿਆਰ ਕਰਨ ਤੇ ਜੀਵਨ ਜੀਣਾ ਨਹੀਂ ਸਿੱਖ ਪਾਉਂਦੇ।
ਉਹ ਆਪਣੇ ਹੀ ਦ੍ਰਿਸ਼ਟੀਕੋਣ ਦੀ ਜ਼ੰਜੀਰ ਨਾਲ ਜਕੜੇ ਜਾਂਦੇ ਹਨ,
ਉਹ ਗੁਲਾਮ ਬਣ ਜਾਂਦੇ ਹਨ।
ਉਹ ਆਪਣੀ ਆਜ਼ਾਦੀ ਗਵਾ ਬੈਠਦੇ ਹਨ।
ਕੇਵਲ ਉਹ ਬੰਦਾ ਹੀ ਆਜ਼ਾਦ ਹੈ ਜਿਹੜਾ ਖਤਰੇ ਮੁੱਲ ਲੈਂਦਾ ਹੈ।

**ਗੁਰਧਿਆਨ ਸਿੰਘ ਸਿੱਧੂ**
ਬੀ.ਏ. ਭਾਗ ਤੀਜਾ
ਰੋਲ ਨੰ: 9001

# ਗ਼ਜ਼ਲ

ਜਿੰਦਗੀ ਦੇ ਨਾਲ ਕਿਉਂ ਖ਼ਿਲਵਾੜ ਕਰੀ ਜਾਨਾਂ ਏ,
ਧੜਕਦੇ ਹੋਏ ਦਿਲ 'ਚ ਦਰਾੜ ਕਰੀ ਜਾਨਾ ਏ,
ਚਿਹਰੇ ਉੱਤੇ ਹਾਸਾ ਰੱਖੇਂ, ਰੱਖੇਂ ਦਿਲ 'ਚ ਚਲਾਕੀਆਂ,
ਆਪਣੀ ਹੀ ਸੋਚ ਨੂੰ, ਦੋ-ਫਾੜ ਕਰੀ ਜਾਨਾਂ ਏ,

ਜ਼ਜ਼ਬਾਤ ਕਿੰਨੇ ਵਿਲਕਦੇ ਪਏ ਮਹਿਰਮ ਦੇ ਖ਼ਤ ਵਿੱਚ,
ਟੁੱਕੜੇ ਜਦੋਂ ਦੇ ਪਾੜ-ਪਾੜ ਕਰੀ ਜਾਨਾਂ ਏ,
ਵਿਗਿਆਨ ਦੀਆਂ ਕਾਢਾਂ ਵਿੱਚ ਨਿੱਤ ਵਾਧਾ ਕਰਕੇ,
ਆਪਣੇ ਲਈ ਭੀੜਾਂ ਤੂੰ ਪੁਲਾੜ ਕਰੀਂ ਜਾਨਾ ਏ,
ਜੇ ਦਿਲੋਂ ਚਾਹਵੇਂ 'ਮਾਨ' ਨੂੰ ਤਾਂ ਦਿਲ ਵਿੱਚ ਰੱਖ ਲੈ,
ਕਿਉਂ ਕਾਹਲੀ ਵਿੱਚ ਕੰਡਿਆਂ ਦੀ ਵਾੜ ਕਰੀ ਜਾਨਾ ਏ।

**ਮੰਦੀਪ ਸਿੰਘ 'ਮਾਨ'**
ਐਮ.ਏ.ਪੋਲ.ਸਾਇੰਸ-ਭਾਗ ਦੂਜਾ
ਰੋਲ ਨੰ:-5127

# ਆਦਤ ਬਣ ਗਈ ਏ

ਆਦਤ ਬਣ ਗਈ ਏ ਮੇਰੀ,
ਹਕੀਕਤ ਤੋਂ ਡਰ ਜਾਣ ਦੀ
ਆਪਣੇ ਹੀ ਪਾਣੀਆਂ ਵਿੱਚ, ਵੇਖਕੇ
ਅਕਸ਼ ਆਪਣਾ ਜਲ ਜਾਣ ਦੀ
ਇਕ ਅਜਨਬੀ ਸ਼ਹਿਰ ਹੈ,
ਲਗਦਾ ਹੋਰ ਵੀ ਅਜਨਬੀ, ਪਰ
ਕੀ ਕਰੀਏ, ਮਜਬੂਰ ਮਜਬੂਰੀ ਤੋਂ
ਉੱਕਾ ਉਮੀਦ ਨਹੀਂ, ਘਰ ਜਾਣ ਦੀ
ਮੈਂ ਸੂਰਜ ਸੀ ਕੱਲ ਦਾ ਜੋ
ਅੱਜ ਚੜਨ ਦਾ ਜੇਰਾ ਨਹੀਂ ਕਰਦਾ
ਪਰ ਤੁਹਾਨੂੰ ਵੀ ਤਾਂ ਪਤਾ ਹੈ, ਇੱਥੇ
ਰੀਤ ਪੁਰਾਣੀ ਸੱਚ ਮਰ ਜਾਣ ਦੀ
ਵੇਖ ਕੇ ਹਾਲ ਮੇਰੇ ਹਮਸਫ਼ਰ ਦਾ
ਮੇਰੀ ਸੋਚ ਤੱਕ ਪਥਰਾ ਗਈ
ਭੋਲੀ ਰੀਝ ਮੇਰੀ ਘਬਰਾ ਗਈ
ਹਿੰਮਤ ਨਹੀਂ ਹੋਰ ਹੁਣ ਸਫ਼ਰ 'ਤੇ ਜਾਣ ਦੀ
ਮੈਂ ਡਰਿਆ ਹੋਇਆ ਹਾਂ ਡਰਪੋਕ ਹਾਂ
ਮਰ-ਮਰ ਕੇ ਹਮੇਸ਼ਾ ਹਾਂ ਜੀਂਦਾ
ਪਰ ਹਿੰਮਤ ਨਹੀਂ ਪੈਂਦੀ ਕਦੇ
ਅਸਲੋ ਮਰ ਜਾਣ ਦੀ
ਆਦਤ ਬਣ ਗਈ ਏ ਮੇਰੀ
ਹਕੀਕਤ ਤੋਂ ਡਰ ਜਾਣ ਦੀ
ਆਪਣੇ ਹੀ ਪਾਣੀਆਂ ਵਿੱਚ, ਵੇਖਕੇ
ਅਕਸ਼ ਆਪਣਾ ਜਲ ਜਾਣ ਦੀ

**ਰਾਜੂ ਸਿੰਘ 'ਸਫਰ'**
ਬੀ.ਏ. ਭਾਗ ਦੂਜਾ
ਰੋਲ ਨੰ:-3350

# ਧੀਆਂ

ਮੈ ਕਹਿਣਾ ਮੇਰੇ ਦੋ ਧੀਆਂ ਹੋਣ,
ਮੈਂ ਉਹਨਾਂ ਨੂੰ ਖੂਬਫ ਪੜਾਉਣਾ ਏ
ਪੁੱਤਰਾਂ ਵਾਗੂੰ ਮੈਂ ਉਹਨਾਂ ਨੂੰ
ਜਿਆਦਾ ਲਾਡ ਲਡਾਉਣਾ ਏ।

ਪੁੱਤ ਤਾਂ ਮਾਂ-ਬਾਪ ਦਾ ਨਾਂ ਰੋਲਦੇ,
ਧੀਆਂ ਨੇ ਨਾਂ ਚਮਕਾਉਣਾ ਏ।
ਵੱਡੇ ਹੋ ਕੇ ਪੁੱਤ ਵੰਡਾਉਣ ਜ਼ਮੀਨਾਂ,
ਧੀਆਂ ਨੇ ਦੁੱਖ ਵੰਡਾਉਣਾ ਏ।

ਇਕ ਧੀ ਨੂੰ ਬਣਾਵਾਂਗਾ ਡਾਕਟਰ,
ਦੂਜੀ ਨੂੰ ਟੀਚਰ ਬਣਾਉਣਾ ਏ।
ਲੋਕ ਧੀਆਂ ਨੂੰ ਚਿੜੀਆਂ ਸਮਝਣ,
ਪਰ ਮੈਂ ਤਾਂ ਬਾਜ਼ ਬਣਾਉਣਾ ਏ।

ਧੀ ਦੇ ਜਨਮ ਤੇ ਸਮਾਜ ਨਿਰਾਸ਼ ਹੁੰਦਾ,
ਪਰ ਮੈਂ ਤਾਂ ਜਸ਼ਨ ਮਨਾਉਂਣਾ ਏ।
ਹੱਥ ਜੋੜ ਮੈਂ ਕਰਾਂ ਬੇਨਤੀ,
ਧੀਆਂ ਨੂੰ ਜਿਊਣ ਦਾ ਹੱਕ ਦਵਾਉਣਾ ਏ।

ਧੀਆਂ ਪ੍ਰਤੀ ਤੰਗ -ਸੋਚ ਕੱਢ ਕੇ,
ਸਮਾਜ ਨੂੰ ਸਿੱਧੇ ਰਾਹ ਪਾਉਣਾ ਏ।
ਭਰੂਣ ਹੱਤਿਆਂ ਰੋਕਣ ਦੇ ਲਈ,
ਲੋਕਾਂ ਨੂੰ ਹੁਣ ਸਮਝਾਉਣਾ ਏ।

**ਗੁਰਦਾਸ ਸਿੰਘ**
ਬੀ.ਏ. ਭਾਗ ਤੀਜਾ
ਰੋਲ ਨੰ: 3109

## ਭਰੂਣ ਹੱਤਿਆ

ਅੱਜ ਆਖਾਂ ਕਿਸ ਵਾਰਿਸ਼ ਸ਼ਾਹ ਨੂੰ
ਕਿ ਕਬਰਾਂ ਵਿਚੋ ਬੋਲ,
ਤੇ ਅੱਜ ਕਿਤਾਬ ਅਧੂਰੀ ਦਾ
ਕੋਈ ਅਗਲਾ ਵਰਕਾ ਫੋਲ,
ਕੱਲ ਰੋਈ ਸੀ ਧੀ ਪੰਜਾਬ ਦੀ
ਤੇ ਅੱਜ ਮਾਰ ਸੁੱਟੀ ਵਿੱਚ ਕੁੱਖ,
ਅੱਜ ਲੱਖਾਂ ਮਾਵਾਂ ਰੋਂਦੀਆਂ
ਕੀਹਨੂੰ ਦੱਸਣ ਦਿਲ ਦੇ ਦੁੱਖ।
ਲੋਕੀ ਕੁੱਖ ਵਿਚ ਮਾਰਨ ਕੁੜੀਆਂ ਨੂੰ
ਮਾਵਾਂ ਰੋਦੀਆਂ ਵਿਲਕਦੀਆਂ ਰਹਿਣ
ਪੈਦਾ ਹੋਣ ਤੋਂ ਪਹਿਲਾਂ ਜ਼ਾਲਮ ਬਣ ਗਏ
ਆਪਣਾ ਦਰਦ ਕੀਹਨੂੰ ਦੱਸਣ ਕਹਿਣ
ਸੁੱਖਾਂ ਪੁੱਤ ਦੀਆਂ ਲੋਕੀ ਸੁਖਦੇ ਨੇ
ਤੇ ਧੀ ਜੰਮਣ ਤੋ ਡਰਦੇ ਨੇ
ਧੀ ਘਰ ਦੀ ਲੱਛਮੀ ਹੁੰਦੀ ਏ
ਫਿਰ ਲੋਕੀ ਇੰਝ ਕਿਉਂ ਕਰਦੇ ਨੇ?
ਕੱਢ ਕੇ ਮਾਂ ਦੇ ਸੀਨੇ ਚੋਂ
ਉਹਦੀ ਜੀਵਨ ਜੋਤ ਬੁਝਾ ਦਿੰਦੇ,
ਉਹਦੇ ਨੰਨੇ ਜਿਹੇ ਹੱਥ ਪੈਰਾਂ ਦਾ
ਨਾਂ ਨਿਸ਼ਾਨ ਸਦਾ ਲਈ ਮਿਟਾ ਦਿੰਦੇ
ਇੱਕ ਮਾਂ ਲਈ ਪੀੜ ਅਸਹਿ ਹੁੰਦੀ
ਜਦ ਟੁਕੜਾ ਜਿਗਰ ਦਾ ਜੁਦਾ ਹੁੰਦਾ
ਪੱਥਰ ਦਿਲ ਦੁਨੀਆਂ ਕਿਉ ਭੁੱਲ ਜਾਂਦੀ
ਕਿ ਹਰ ਕੁੱਖ 'ਚ ਵਸਦਾ ਖੁਦਾ ਹੁੰਦਾ
ਜੇ ਐਦਾਂ ਹੀ ਕੁੜੀਆਂ ਮਾਰੋਗੇ
ਅੱਗੇ ਜੀਵਨ ਦਾ ਕਿਵੇਂ ਵਿਕਾਸ ਹੋਊ
'ਅਮਨ' ਅੱਖਾਂ ਭਰਕੇ ਕਹਿੰਦੀ ਏ
ਕਿ ਜੱਗ ਕਰਦਾ ਫਿਰ ਵਿਰਲਾਪ ਰਹੂ
ਕਰਦਾ ਫਿਰ ਵਿਰਲਾਪ ਰਹੂ।

**ਅਮਨ ਮਾਹੀਨੰਗਲ**
ਬੀ.ਏ. ਭਾਗ -ਤੀਜਾ
ਰੋਲ ਨੰ: 3053

## ਖੁਦਾ ਨੂੰ ਸ਼ਿਕਾਇਤ

ਹਨੇਰਾ ਹੋ ਜਾਏ ਦੂਰ,
ਐਸਾ ਦੀਪ ਨੂੰ ਬਾਲ ਖੁਦਾ
ਡਰਨ ਸਾਰੇ ਤੇਰੇ ਕੋਲੋਂ,
ਕੋਈ ਨਾ ਚੱਲੇ ਚਾਲ ਖੁਦਾ
ਮਹੋ-ਮਾਇਆ ਵਿੱਚ ਫ਼ਸਣ ਵਾਲਾ,
ਟੁੱਟ ਜਾਏ ਇਹ ਜੰਜਾਲ ਖੁਦਾ
ਭਾਈਚਾਰੇ ਦੀ ਜੋਤ ਜਗਾ ਦੇ,
ਪੁੱਛਣ ਗਰੀਬ ਦਾ ਹਾਲ ਖੁਦਾ
ਰੰਗ ਕਾਲੇ ਤੋ ਈਰਖਾ ਕਰਨੀ,
ਇਹ ਛੁਪ ਜਾਏ ਕਿਧਰੇ ਕਾਲ ਖੁਦਾ
ਰੋਮ-ਰੋਮ ਵਿੱਚ ਸਿਰਮਨ ਤੇਰੇ ਤੇ,
ਪੈ ਜਾਏ ਫਿਰ ਧਮਾਲ ਖੁਦਾ
ਲੜਾਈ ਕਰਨ ਦਾ ਦਿਮਾਗ ਵਿੱਚੋਂ,
ਕੱਢ ਕੇ ਸੁੱਟਣ ਖਿਆਲ ਖ਼ਦਾ
ਹੋ ਜਾਣ ਹਾਸਿਲ ਮੁਕਾਮ ਸਾਰੇ,
ਉਹ ਜਿਹਦੀ ਕਰਦੇ ਭਾਲ ਖ਼ਦਾ
ਸੰਸਾਰ ਸਾਗਰ ਨੂੰ ਤਰ ਜਾਈਏ,
ਜੇ ਹੋ ਜਾਏ ਐਸਾ ਕਮਾਲ ਖ਼ੁਦਾ
ਜੇ ਹੋ ਜਾਏ ਐਸਾ ਕਮਾਲ ਖ਼ੁਦਾ

**ਅਮਨਦੀਪ ਕੌਰ 'ਵੜੈਚ'**
ਬੀ.ਏ. ਭਾਗ-ਤੀਜਾ

## ਚਾਰ ਦਿਨ ਦੀ ਜਿੰਦਗਾਨੀ

ਖੁਸ਼ ਹੋ ਕੇ ਰਹਿ ਸੱਜਣਾ
ਚਾਰ ਦਿਨਾਂ ਦੀ ਇਹ ਜਿੰਦਗਾਨੀ
ਕੀ ਰੌਲਾ ਕੰਮਾਂ ਦਾ
ਤੂੰ ਬਸ ਕਰ ਆਪਣੀ ਮਨਮਾਨੀ
ਖੁਸ਼ ਹੋ ਕੇ ਰਹਿ ਸੱਜਣਾ
ਚਾਰ ਦਿਨਾਂ ਦੀ ਇਹ ਜਿੰਦਗਾਨੀ
ਵਾਧੇ – ਘਾਟੇ ਆਉਂਦੇ ਰਹਿੰਦੇ ਨੇ
ਫਿਕਰ ਨਾ ਕਰ ਤੂੰ ਐਵੇਂ ਸੱਜਣਾ,
ਰਹਿ ਚੜ੍ਹਦੀ ਕਲਾ ਵਿਚ ਤੂੰ
ਪਿੱਛੋਂ ਇਸ ਗੱਲ ਮੇਰੀ ਨੇ ਤੈਨੂੰ ਠੱਗਣਾ
ਫਿਰ ਤੂੰ ਪਛਤਾਵੇਗਾ
ਤਾਹੀਓਂ ਤੈਨੂੰ ਇਹ ਗੱਲ ਹੈ ਸਮਝਾਣੀ
ਖੁਸ਼ ਹੋ ਕੇ ਰਹਿ ਸੱਜਣਾ
ਚਾਰ ਦਿਨਾਂ ਦੀ ਇਹ ਜਿੰਦਗਾਨੀ
'ਅਮਨ' ਦਾ ਤੈਨੂੰ ਇਹੀ ਕਹਿਣਾ
ਵੈਰ ਨਾ ਪਾਈ ਕਿਸੇ ਨਾਲ ਸੱਜਣਾ
ਸਮਝੀ ਹਰ ਕਿਸੇ ਨੂੰ ਆਪਣਾ,
ਇਸ ਵਿਚ ਹੈਣੀ ਤੇਰੀ ਕੋਈ ਹਾਨੀ
ਖੁਸ਼ ਹੋ ਕੇ ਰਹਿ ਸੱਜਣਾ
ਚਾਰ ਦਿਨਾਂ ਦੀ ਇਹ ਜਿੰਦਗਾਨੀ।

**ਅਮਨਜੋਤ ਕੌਰ**
ਐਮ.ਏ. ਰਾਜਨੀਤੀ ਸਾਸਤਰ –।।
ਰੋਲ ਨੰ: 5115

## ਰਿਸ਼ਤਾ

ਵਿਸ਼ਵਾਸ ਹੋਵੇ, ਨੀਂਹ ਰਿਸ਼ਤੇ ਦੀ,
ਸ਼ੱਕ ਹੋਜੇ ਤਾਂ ਰਿਸ਼ਤਾ ਕੀ ਰਹਿਣਾ,
ਜਦ ਗਿਰ ਜਾਵੇ ਮੰਜਿਲ ਰਿਸ਼ਤੇ ਦੀ,
ਮਰ ਮਰ ਕੇ ਪੈਂਦਾ ਹੈ ਜੀਣਾ,
ਰਿਸ਼ਤਾ ਨਾ ਪੈਸੇ ਨਾਲ ਜੁੜੇ,
ਕਈਆਂ ਦੋਲਤ ਦਾ ਐਂਵੇ ਵਹਿਮ ਹੋਣਾ,
ਇੱਥੇ ਲੱਖਾਂ ਲੋਕੀ ਫਿਰਦੇ ਨੇ
ਬਿਨ ਰਿਸ਼ਤੇ ਕਿਸੇ ਦਾ ਕੀ ਜੀਣਾ
ਬਾਝ ਰਿਸ਼ਤਿਆਂ ਜਿੰਦਗੀ ਫਿੱਕੀ ਏ
ਅਜਿਹੀ ਜਿੰਦਗੀ ਦਾ ਕੀ ਮੁੱਲ ਪੈਣਾ,
ਜਿੰਨੀ ਦੇਰ ਜਿੰਦਾ ਇਨਸਾਨ ਇੱਥੇ,
ਉਨੀ ਦੇਰ ਲਈ ਇਹ ਨਾਮ ਰਹਿਣਾ
ਬਿਨ ਰਿਸ਼ਤੇ ਕਿਤੇ ਕੋਈ ਭਟਕਦਾ ਏ
ਕਈਆਂ ਦਾ ਰਿਸ਼ਤੇ ਲਈ ਜੀਣਾ,
ਲੋਕੀ ਤੁਰੇ ਜਾਣ ਜੱਗ ਨੂੰ ਛੱਡ ਕੇ,
ਕਿਸੇ ਨਾ ਹਮੇਸ਼ਾ ਲਈ ਰਹਿਣਾ,
ਕਰਮਾ ਨਾਲ ਇਹ ਸੱਜਣਾ ਜੁੜਨ ਰਿਸ਼ਤੇ,
ਲੱਗ ਕਿਸੇ ਪਿੱਛੇ ਨਾ ਤੋੜ ਬਹਿਣਾ,
ਕਦੇ ਆਪਣਿਆ ਨਾਲ ਨਾ ਟੁੱਟੇ ਰਿਸ਼ਤਾ,
ਬਿਨ ਆਪਣਿਆ ਦੇ ਕੀ ਜੀਣਾ,
ਰਹਿਣ ਜੁੜਦੇ ਸਦਾ ਲਈ ਇਹ ਰਿਸ਼ਤੇ,
ਸੱਚੇ ਰੱਬ ਨੂੰ ਅਸਾਂ ਦਾ ਇਹ ਕਹਿਣਾ

**ਮਨਪ੍ਰੀਤ ਸਿੰਘ**
ਬੀ.ਐਸ.ਸੀ (ਨਾਨ ਮੈਡੀਕਲ )–।।
ਰੋਲ ਨੰਬਰ – 763

# ਕੁਝ ਲਫਜ਼ ਮੇਰੇ ਬਾਬਲ ਦੇ ਨਾਮ

ਸੁੰਨਾ ਸੁੰਨਾ ਵਿਹੜਾ ਅੱਜ ਮੇਰੇ ਬਾਬਲੇ ਦਾ ਲੱਗਦਾ
ਭੁਲੇਖਾ ਜਿਹਾ ਪਵੇ ਮੈਨੂੰ ਉਹਦੀ ਰੰਗਲੀ ਜਿਹੀ ਪੱਗ ਦਾ
ਪਰਾਏ ਮੁਲਕ ਚ ਕਰਦਾ ਉਹ ਕਮਾਈਆਂ ਸੀ
ਜਦੋ ਮਾਂ ਨੇ ਮੈਨੂੰ ਤੋਤਲੀ ਜਿਹੀ ਆਵਾਜ ਚ ਡੈਡੀ ਕਹਿਣਾ ਸਿਖਾਇਆ ਸੀ
ਚਾਅ ਚੜ੍ਹ ਜਾਂਦਾ ਉੱਡਦਾ ਜਹਾਜ ਦੇਖ ਮੇਰੇ ਨਿੱਕੇ ਜਿਹੇ ਵੀਰ ਨੂੰ
ਮਾਂ ਦੇ ਗਲ ਲੱਗ ਡੋਲਦਾ ਸੀ ਅੱਖਾਂ ਵਾਲੇ ਨੀਰ ਨੂੰ
ਖਿੜ ਉਠੇ ਫੁੱਲ, ਮੇਰੇ ਬਾਬਲ ਨੇ ਵਹਿੜੇ ਵਿਚ ਰੱਖੇ ਜਦ ਪੈਰ ਸੀ
ਰਿਸ਼ਤਿਆਂ ਦੀ ਕਦਰ ਕਰ ਸਭ ਵਿਚ ਵੰਡਤਾ ਆਖਿਰ ਉਹ ਕਿਹੜਾ ਗੈਰ ਸੀ
ਚੇਹਿਰਿਆਂ ਦੇ ਪਿੱਛੇ ਅਸਲੀ ਚਹਿਰੇ ਜਦ ਤੱਕ ਸਮਝ ਆਏ, ਹੋ ਗਈ ਦੇਰ ਸੀ
ਮਾਂ ਜਦੋ ਕੁਮਾ ਬਣ ਜਾਵੇ, ਇਸ ਤੋਂ ਵੱਡਾ ਹੋਰ ਕਿਹੜਾ ਹਨੇਰ ਸੀ
ਘਰ ਪੱਥਰਾਂ ਨਾਲ ਨਹੀਂ, ਰਿਸ਼ਤਿਆਂ ਨਾਲ ਬਣਦੇ ਨੇ
ਇਹੀ ਸੋਚ ਤਿਨਕਾ ਤਿਨਕਾ ਜੋੜ ਫਿਰ ਦੁਬਾਰਾ ਅਸੀਂ ਆਲ੍ਹਣਾ ਜਿਹਾ ਬਣਾਇਆ ਸੀ
ਇਕ ਛੋਟਾ ਜਿਹਾ ਪਰਿਵਾਰ ਤੇ ਬਾਬਲ ਨੂੰ ਦੁਬਾਰਾ ਹੱਸਣਾ ਜਿਹਾ ਸਿਖਾਇਆ ਸੀ
ਪਰ ਭਰ ਨਾ ਸਕੇ ਅਸੀਂ ਉਸਦੇ ਦਿਲਵਾਲੇ ਜਖਮਾਂ ਨੂੰ
ਪੀੜ ਤਾਂ ਹੁੰਦੀ ਹੀ ਹੋਣੀ ਆ ਸੋਚ ਆਵਦੇ ਲਿਖੇ ਕਰਮਾਂ ਨੂੰ
ਕਿੰਨੀ ਦੇਰ ਤੱਕ ਸੰਭਾਲਦਾ ਉਹ ਜਖਮਾਂ ਦੇ ਲੂਣ ਛਿੜਕਣ ਵਾਲੀ ਦੁਨੀਆਂ ਚ ਆਪਣੇ ਆਪ ਨੂੰ
ਢਹਿ ਢੇਰੀ ਕਰਤਾ ਪਲਾਂ ਵਿਚ, ਚਾਰੇ ਪਾਸਿਓਂ ਆਉਦੀਆਂ ਹਵਾਵਾਂ ਨੇ
ਕਿੱਥੇ ਲੱਭੀਏ ਤੈਨੂੰ ਦੱਸ ਉਹ ਕਿਹੜੀਆਂ ਰਾਹਵਾਂ ਨੇ?
ਢਹਿ ਢੇਰੀ ਕਰਤਾਂ ਪਲਾ ਵਿਚ, ਚਾਰੇ ਪਾਸਿਉਂ ਆਉਂਦੀਆਂ ਹਵਾਵਾਂ ਨੇ।

**ਸ਼ਰਨਜੀਤ ਕੌਰ ਭੁੱਲਰ,**
ਬੀ.ਏ. ਭਾਗ ਤੀਜਾ
ਰੋਲ ਨੰ: 9013

# ਇੱਕ ਹੋਰ ਖਤ

ਹੰਝੂ ਦੀ ਸਿਆਹੀ,ਯਾਦਾਂ ਦੇ ਹਰਫ਼ ਨਾਲ ਲਿਖਦਾ
ਅੱਜ ਯਾਰਾ ਇੱਕ ਹੋਰ ਖ਼ਤ ਤੇਰੇ ਨਾਮ ਲਿਖਦਾ
ਠੀਕ ਠਾਕ ਸੁੱਖੀ ਵੱਸਦੇ ਹੋਵੋਗੇ ਤੁਸੀਂ
ਇਸੇ ਆਸ ਵਿੱਚ ਲਿਖਦਾ
ਹੰਝੂਆਂ ਦੀ ਸਿਆਹੀ, ਯਾਦਾਂ ਦੇ ਹਰਫਾਂ ਨਾਲ ਲਿਖਦਾ
ਮਾਂ ਵੀ ਤੇ ਭੈਣ ਵੀ ਹੋਉ ਉਡੀਕਦੀ
ਉਡੀਕ ਉਹਨਾਂ ਦੀ ਮੁਕਾਉਣ ਲਈ ਲਿਖਦਾ
ਕਿੰਝ ਦੱਸਾਂ ਹਾਲ ਪ੍ਰਦੇਸ਼ ਦਾ ਮਾਏ ਤੈਨੂੰ ਨੀ
ਕਿਸ ਹਾਲ ਵਿੱਚ ਹੈ ਪੁੱਤ ਤੇਰਾ ਸਭ ਲਿਖਦਾ
ਸਿਰ ਉੱਤੇ ਮੌਤ ਘੁੰਮੇ, ਚਾਰੇ ਪਾਸੇ ਗੋਲੀ ਚੱਲਦੀ
ਮੌਤ ਬਣ ਇੱਥੇ ਬਗਦਾਦੀ ਘੁੰਮਦਾ
ਪਤਾ ਨਹੀ ਇੱਕ ਡੰਗ ਰੋਟੀ ਹੋਵੇ ਜਾਂ ਨਾ ਨਸੀਬ ਇੱਥੇ
ਮੌਤ ਕੋਲੋ ਲੁੱਕ ਲੁੱਕ ਹਾਂ ਦਿਨ ਕੱਟਦਾ
ਹੰਝੂਆਂ ਦੀ ਸਿਆਹੀ, ਯਾਦਾ ਦੇ ਹਰਫਾ ਨਾਲ ਲਿਖਦਾ
ਅੱਜ ਯਾਰਾ ਇਕ ਹੋਰ ਖ਼ਤ ਤੇਰੇ ਨਾਮ ਲਿਖਦਾ ।

**ਗੁਰਪਾਲ ਸਿੰਘ**
ਬੀ.ਏ.
ਰੋਲ ਨੰਬਰ - 9029

# ਤੁਰੋ ਤਾਂ ਸਹੀ, ਜੋ ਤੁਰਦੇ ਹਨ, ਉਹ ਪੁੱਜਦੇ ਹਨ

ਜ਼ਿੰਦਗੀ ਵਿੱਚ ਕੁਦਰਤ ਵੱਲੋਂ ਜੋ ਤਾਸ਼ ਦੇ ਪੱਤੇ ਸਾਨੂੰ ਮਿਲਦੇ ਹਨ, ਉਹਨਾਂ ਪੱਤਿਆਂ ਨੂੰ ਹਰ ਇੱਕ ਨੂੰ ਸਵੀਕਾਰ ਕਰਨਾ ਪੈਂਦਾ ਹੈ। ਪਰ ਜਦੋ ਉਹ ਪੱਤੇ ਤੁਹਾਡੇ ਹੱਥ ਵਿੱਚ ਆ ਜਾਦੇ ਹਨ ਤਾਂ ਖਿਡਾਰੀ ਖੁਦ ਤਹਿ ਕਰਦਾ ਹੈ ਕਿ ਇਹਨਾਂ ਪੱਤਿਆਂ ਨਾਲ ਕਿਵੇ ਖੇਡਣਾ ਹੈ ਤਾਂ ਕਿ ਉਹ ਬਾਜ਼ੀ ਜਿੱਤ ਸਕੇ।

ਲਖਨਊ ਤੋਂ ਦਿੱਲੀ ਜਾ ਰਹੀ ਰੇਲ ਗੱਡੀ ਵਿੱਚ ਕੁਝ ਬਦਮਾਸ਼ ਵੀ ਚੜੇ ਸਨ। ਬਦਮਾਸ਼ਾਂ ਨੇ ਗੱਡੀ ਲੁਟਣ ਦਾ ਮਨ ਬਣਾਇਆ ਅਤੇ ਮੁਸਾਫਰਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਲੋਕ ਡਰਦੇ ਮਾਰੇ ਜੋ ਕੁਝ ਉਹਨਾ ਕੋਲ ਸੀ, ਬਦਮਾਸ਼ਾਂ ਦੇ ਹਵਾਲੇ ਕਰਨ ਲੱਗੇ। ਪਰ ਬਦਮਾਸ਼ਾ ਨੇ ਵੇਖਿਆ ਕਿ ਡੱਬੇ ਵਿੱਚ ਇਕ 23 ਕੁ ਵਰਿਆਂ ਦੀ ਲੜਕੀ ਨੇ ਆਪਣੇ ਗਲੇ ਵਿੱਚ ਪਹਿਣੀ ਹੋਈ ਜੰਜ਼ੀਰ ਦੇਣ ਤੋ ਇਨਕਾਰ ਕਰ ਦਿੱਤਾ। ਗੁੰਡੇ ਬਦਮਾਸ਼ਾਂ ਲਈ ਬੜੀ ਨਮੋਸ਼ੀ ਵਾਲੀ ਗੱਲ ਸੀ ਕਿ ਇਹ ਨਿਹੱਥੀ ਲੜਕੀ ਉਹਨਾਂ ਨੂੰ ਵੰਗਾਰੇ। ਬਦਮਾਸ਼ਾਂ ਨੇ ਲੜਕੀ ਨੂੰ ਗੱਡੀ ਵਿੱਚੋਂ ਚੁੱਕ ਦੇ ਥੱਲੇ ਸੁੱਟ ਦਿੱਤਾ। ਉਧਰੋਂ ਦੂਜੇ ਪਾਸਿਉ ਵੀ ਇਕ ਟਰੇਨ ਆ ਰਹੀ ਸੀ ਜੋ ਉਸ ਲੜਕੀ ਦੇ ਪੈਰ ਉਤੋ ਨਿਕਲ ਗਈ, ਭਾਵੇ ਉਸ ਲੜਕੀ ਦੀ ਜਾਨ ਬਚ ਗਈ ਪਰ ਇਸ ਘਟਨਾ ਵਿੱਚ ਉਸਦਾ ਪੈਰ ਜਾਂਦਾ ਰਿਹਾ ਇਹ ਲੜਕੀ ਕੋਣ ਸੀ? ਇਹ ਲੜਕੀ ਕੋਈ ਹੋਰ ਨਹੀ ਸੀ ਬਲਕਿ ਦੇਸ਼ ਦੀ ਰਾਸ਼ਟਰੀ ਪੱਧਰ ਦੀ ਵਾਲੀਵਾਲ ਖਿਡਾਰਨ ਅਰੁਣਿਮਾ ਸਿਨਹਾ ਸੀ। ਇਹ ਘਟਨਾਂ 11 ਅਪ੍ਰੈਲ 2011 ਨੂੰ ਵਾਪਰੀ, ਜਿਸ ਸਮੇਂ ਇਸ ਖਿਡਾਰਨ ਦੀ ਉਮਰ ਸਿਰਫ 23 ਵਰ੍ਹਿਆ ਦੀ ਸੀ।

ਸਾਢੇ ਚਾਰ ਮਹੀਨੇ ਦਿੱਲੀ ਦੇ ਏਮਜ ਵਿੱਚ ਅਰੁਣਿਮਾ ਦਾ ਇਲਾਜ ਚੱਲਿਆ, ਉਸਨੂੰ ਅਹਿਸਾਸ ਸੀ ਕਿ ਜੇਕਰ ਮਨ ਵਿੱਚ ਕੁਝ ਕਰ ਗੁਜਾਰਨ ਦੀ ਚਾਹਤ ਹੋਵੇ ਤਾਂ ਕੋਈ ਅੜਿੱਕਾ ਜਿਆਦਾ ਚਿਰ ਰਸਤਾ ਨਹੀਂ ਰੋਕ ਸਕਦਾ। ਇਲਾਜ ਕਰਵਾਉਣ ਤੋਂ ਬਾਅਦ ਜਦੋਂ ਉਸਨੂੰ ਹਸਪਤਾਲ ਤੋਂ ਛੁਟੀ ਮਿਲੀ ਤਾਂ ਉਹ ਸਿੱਧੀ ਮਾਊਂਟ ਐਵਰੈਸਟ ਵਿਜੇਤਾ ਬੇਚੰਦਰੀਪਾਲ ਨੂੰ ਮਿਲੀ ਅਤੇ ਉਸ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕੀਤੀ। "ਮੈ ਇੱਕ ਲੱਤ ਨਾਲ ਦੁਨੀਆਂ ਨੂੰ ਜਿੱਤਣਾ ਚਾਹੁੰਦੀ ਹਾਂ " ਕਮਾਲ ਇਹ ਵੀ ਕਿ ਉਹ ਬੇਚੰਦਰੀਪਾਲ ਨੂੰ ਨਿੱਜੀ ਤੌਰ ਤੇ ਜਾਣਦੀ ਨਹੀਂ ਸੀ, ਸਿਰਫ ਉਸ ਬਾਰੇ ਅਖਬਾਰਾਂ ਤੇ ਕਿਤਾਬਾਂ ਵਿੱਚ ਹੀ ਪੜਿਆ ਸੀ। ਬੇਚੰਦਰੀਪਾਲ ਵੀ ਆਖਿਰ ਉਸਦੇ ਦ੍ਰਿੜ ਇਰਾਦੇ ਨੂੰ ਸਮਝ ਗਈ, ਅਰੁਣਿਮਾ ਨੇ ਪਹਾੜ ਤੇ ਚੜ੍ਹਨ ਦੀ ਸਿੱਖਿਆ ਨਹਿਰੂ ਇੰਸਟੀਚਿਊਟ ਆਫ ਮਾਉਂਟੇਨੀਮਾਰਿੰਗ ਉਤਰਕਾਸ਼ੀ ਤੋਂ ਲਈ ਸੀ। ਬੇਚੰਦਰੀਪਾਲ ਦੀ ਅਗਵਾਈ ਵਿੱਚ ਉਸਨੇ ਇਕ ਵਰ੍ਹਾ ਕਰੜੀ ਟਰੇਨਿੰਗ ਲਈ ਅਤੇ ਫਿਰ ਦੁਨੀਆਂ ਦੀ ਉਚੀ ਚੋਟੀ ਸਰ ਕਰਨ ਲਈ ਤੁਰ ਪਈ 52 ਦਿਨਾਂ ਦੀ ਖਤਰਨਾਕ ਯਾਤਰਾ ਤੋਂ ਬਾਅਦ ਆਖਿਰ ਅਰੁਣਿਮਾ ਸਿਨਹਾ 21 ਮਈ 2013 ਦੇ ਸਵੇਰ 10:55 ਵਜੇ ਮਾਊਟ ਐਵਰੈਸਟ ਤੇ ਹਿੰਦੁਸਤਾਨ ਦਾ ਤਿਰੰਗਾ ਲਹਿਰਾਉਣ ਵਿੱਚ ਕਾਮਯਾਬ ਹੋ ਗਈ। ਇਸ ਇਕ ਪੈਰ ਵਾਲੀ ਲੜਕੀ ਦਾ ਜ਼ਨੂੰਨ ਅਤੇ ਜ਼ੋਸ ਦੇਖੋ ਜਦੋ ਇਹ ਮੰਜਿਲ ਤੇ ਪਹੁੰਚਣ ਵਾਲੀ ਸੀ ਤਾਂ ਉਸ ਸਮੇਂ ਇਸਦਾ ਆਕਸੀਜਨ ਵਾਲਾ ਸਿਲੰਡਰ ਲਗਪਗ ਖਤਮ ਹੋ ਗਿਆ ਸੀ, ਜਾਨ ਨੂੰ ਖਤਰਾ ਵੱਧ ਰਿਹਾ ਸੀ, ਵਾਪਸ ਆਉਣ ਦੀ ਸਲਾਹ ਨਾ ਮੰਨ ਕੇ ਇਸ ਜ਼ਨੂੰਨੀ ਕੁੜੀ ਨੇ ਆਪਣੀ ਮੰਜਲ ਤੇ ਪਹੁੰਚ ਕੇ ਦਮ ਲਿਆ ।

ਇੱਕ ਪੈਰ ਨਾਲ ਦੁਨੀਆਂ ਦੀ ਸਭ ਤੋ ਉੱਚੀ ਚੋਟੀ ਸਰ ਕਰਨ ਵਾਲੀ ਭਾਰਤ ਦੀ ਇਸ ਕੁੜੀ ਨੂੰ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ.ਏ.ਪੀ.ਜੇ ਅਬਦੁਲ ਕਲਾਮ ਨੇ 10 ਅਗਸਤ2013 ਨੂੰ ਸਨਮਾਨਿਤ ਕੀਤਾ । ਅਰੁਣਿਮਾ ਸਿਨਹਾ ਨੂੰ ਤੇਨਜਿੰਗ ਨਾਰਗੇ, ਸਲਾਮ ਇੰਡੀਆਂ ਅਤੇ ਹੋਰ ਉਚ ਕੋਟੀ ਦੇ ਐਵਾਰਡ ਦਿੱਤੇ ਜਾ ਚੁੱਕੇ ਹਨ, ਦੁਨੀਆਂ ਦੀ ਮਸ਼ਹੂਰ ਪਬਲਿਸ਼ਰ ਕੰਪਨੀ 'ਪੈਂਗੁਇਨ' ਇਸਦੀ ਜੀਵਨੀ ਬਾਰੇ ਕਿਤਾਬ ਛਾਪ ਰਹੀ ਹੈ। ਅੱਜ ਕੱਲ ਅਅਰੁਣਿਮਾ ਸਿਨਹਾ 2016 ਵਿੱਚ ਹੋਣ ਵਾਲੀ ਉਲੰਪਿਕ ਖੇਡਾ ਦੀ ਤਿਆਰੀ ਕਰ ਰਹੀ ਹੈ ਕਿਉਂਕਿ ਉਹ 200 ਮੀਟਰ ਇੱਕ ਲੱਤ ਨਾਲ ਦੌੜਣਾ ਚਾਹੁੰਦੀ ਹੈ। ਅਰੁਣਿਮਾ ਸਿਨਹਾ ਦੀ ਕਹਾਣੀ ਬੁਲੰਦ ਹੌਂਸਲੇ ਅਤੇ ਦ੍ਰਿੜ ਇਰਾਦੇ ਅਤੇ ਆਤਮ ਵਿਸ਼ਵਾਬ ਦੀ ਕਹਾਣੀ ਹੀ। ਅਰੁਣਿਮਾ ਦੀ ਕਹਾਣੀ ਤੋਂ ਪੰਜਾਬੀ ਕਵੀ ਜਗਤਾਰ ਦੀਆਂ ਲਿਖੀਆ ਸਤਰਾ ਚੇਤੇ ਆਉਦੀਆਂ ਹਨ

ਜੇ ਘਰਾਂ ਤੋ ਤੁਰ ਪਏ ਹੋ ਦੋਸਤੋ, ਮੁਸ਼ਕਿਲਾਂ ਤੇ ਔਕੜਾਂ ਤੋਂ ਨਾ ਡਰੋ।
ਜਦ ਰੁਕੋਂ ਤਾਂ ਨਕਸ਼ ਬਣ ਕੇ ਹੀ ਰੁਕੋ, ਜਦ ਤੁਰੋ ਤਾਂ ਰੌਸ਼ਨੀ ਵਾਂਗੂੰ ਤੁਰੋ।

**ਜਗਦੀਪ ਸਿੰਘ ਸਰਾਂ**
ਬੀ.ਏ. ਭਾਗ ਤੀਜਾ
ਰੋਲ ਨੰ: 9094

# ਮੇਰੀ ਕਲਮ ਤੋਂ ਤਲਵਾਰ ਬਨਣ ਦਾ ਅਧੂਰਾ ਸਫਰ

ਮੈ ਜਗਤਾਰ ਭਾਲਦਾ ਰਿਹਾ, ਕਦੇ ਪਾਸ਼ ਭਾਲਦਾ ਰਿਹਾ,
ਹਰ ਪਾਸੇ ਲਿਖਣ ਲਈ ਨਵੀ ਆਸ ਭਾਲਦਾ ਰਿਹਾ
ਪਰ ਸੱਚ ਤਾਂ ਇਹ ਹੈ ਕਿ ਨਾ ਜਗਤਾਰ ਮਿਲਿਆ ਨਾ ਪਾਸ਼ ਮਿਲਿਆ
ਮੈਨੂੰ ਮਿਲਿਆਂ ਤਾ ਹਰ ਪਾ ਸਜਨਾ ਦਾ ਚਿਹਰਾ ਉਦਾਸ ਮਿਲਿਆ,
ਮੰਨਿਆਂ ਕਿ ਮੈ ਪਾਸ਼ ਵਾਂਗ ਇਨਕਲਾਬ ਆਪਣੀ ਕਲਮ ਵਿੱਚ ਸਮੋਣਾ ਚਾਹੁੰਦਾ ਸੀ
ਆਪਣੀ ਅਣਮੁੱਲੀ ਕਲਮ ਤੋਂ ਕਵਿਤਾ ਨਹੀਂ ਇੱਕ ਤਲਵਾਰ ਬਣਾਉਣਾ ਚਾਹੁੰਦਾ ਸੀ
ਪਰ ਜਦ ਵੀ ਮੇਰਾ ਦਿਲ ਆਪਣੀ ਕਲਮ ਨੂੰ ਤਲਵਾਰ ਬਣਾਉਣ ਦੇ ਸਫਰ ਤੇ ਨਿਕਲਣ ਲਈ
ਆਪਣੀ ਪਹਿਲੀ ਪਲਾਂਗ ਹੀ ਪੁਟਣਾ ਚਾਹੁੰਦਾ
ਤਦ ਹੀ ਮੇਰੇ ਸਜਨ ਦਾ ਲਿਖਿਆਂ ਹਰ ਇੱਕ ਖ਼ਤ ਮੈਨੂੰ ਚੀਖ ਚੀਖ ਕੇ ਇਹ ਸਵਾਲ ਪੁੱਛਣਾ ਚਾਹੁਦਾ
ਕਿ ਮੇਰੇ ਜਿਸਮ ਦੇ ਅੰਦਰ ਏਨੀ ਤਾਕਤ ਹੈ।
ਕਿ ਤੇਰਾ ਰੋਮ ਰੋਮ ਇਨਕਲਾਬ ਨੂੰ ਝੱਲ ਲਵੇਗਾ
ਕਿ ਵਾਕਿਆ ਹੀ ਤੂੰ ਇਨਕਲਾਬ ਦਾ ਸਹੀ ਅਰਥ ਜਾਣਦਾ
ਕਿ ਬਸ ਦੋ ਕੁ ਕ੍ਰਾਂਤੀਕਾਰੀ ਗੱਲਾ ਸੁਣ ਕੇ ਖੁਦ ਨੂੰ ਜਗਤਾਰ ਸਮਝ ਰਿਹਾ
ਕੀ ਤੇਰੇ ਪੈਰ ਇਸ ਇਨਕਲਾਬ ਦੀ ਅੱਗ ਵਿੱਚ ਟਿੱਕ ਜਾਣਗੇ
ਜਾਂ ਫਿਰ ਤੇਰੇ ਵਾਂਗ ਉਠੇ ਛੋਟੇ ਮੋਟੇ ਸ਼ਾਇਰਾਂ ਵਾਗੂ ਤੇਰੀ ਗ਼ਜ਼ਲ ਦੇ ਲਫ਼ਜ ਵੀ ਕੁਝ ਕੁ ਕੀਮਤ ਤੇ ਵਿੱਕ ਜਾਣਗੇ
ਖਤਾ ਦੀ ਇਹ ਗੱਲ ਸੁਣ ਕੇ ਮੈ ਖੁਦ ਖਿਆਲਾਂ ਦੇ ਸਮੁੰਦਰ ਵਿੱਚ ਖੋ ਜਾਂਦਾ
ਤੇ ਕੁਝ ਕੁ ਸਮੇ ਲਈ ਮੇਰਾ ਅੰਗ ਅੰਗ ਵੀ ਬਿਲਕੁਲ ਚੁੱਪ ਹੋ ਜਾਦਾ
ਪਰ ਫਿਰ ਕੁਝ ਕੁ ਸਮੇ ਬਾਦ ਫਿਰ ਮੇਰੇ ਦਿਲ ਚ ਇਨਕਲਾਬ ਦੀ ਚਿੰਗਾਰੀ ਉਠੱਦੀ
ਤੇ ਮੈਥੋਂ ਇੱਕ ਹੀ ਗੱਲ ਵਾਰ ਵਾਰ ਪੁਛਦੀ
ਕਿ ਬਸ ਤੇਰੀ ਕ੍ਰਾਂਤੀ ਏਨੀ ਹੀ ਸੀ ਜੋ ਕੁਝ ਕੁ ਸਵਾਲਾਂ 'ਚ ਹੀ ਡਾਵਾ ਡੋਲ ਹੋ ਗਈ
ਏਨੀ ਹੀ ਗੱਲ ਸੁਣ ਕੇ ਮੇਰੇ ਲਹੂ ਦਾ ਕਤਰਾ ਕਤਰਾ ਖੌਅਲ ਪੈਦਾ
ਅਤੇ ਮੇਰੀ ਬੰਦ ਕਲਮ ਦੇ ਹੇਂਠਾ ਦਬਿਆ ਵਰਕਾ ਵੀ ਬੋਲ ਪੈਦਾ
ਉਹ ਕਹਿੰਦਾ ਕੇ ਮੇਰੇ ਉਪਰ ਪਈ ਕਲਮ ਨੂੰ ਖੋਲ
ਮੈ ਆਪਣੇ ਉਪਰ ਸਭ ਲਿਖਵਾਵਾਂਗਾ ਤੂੰ ਕੁਝ ਤਾ ਬੋਲ
ਫਿਰ ਮੈ ਆਪਣੀ ਕਲਮ ਚੁਕ ਕੇ ਗਜਲ ਦਾ ਪਹਿਲਾ ਲਫ਼ਜ਼ ਹਲੇ ਸੁਰੂ ਹੀ ਕੀਤਾ ਸੀ
ਕੇ ਮੇਰੇ ਅੱਗੇ ਮੇਰੇ ਮਾਂ ਬਾਪ ਦੇ ਸੁਪਣੇ ਆਏ
ਮੇਰੇ ਮਨ ਨੇ ਮੈਥੋਂ ਸਵਾਲ ਪੁੱਛਿਆਂ ਕੇ ਮੇਰੀ ਮਾਂ ਮੇਰਾ ਮੋਇਆ ਮੁੱਖ ਤੱਕ ਲੂ
ਕਿ ਜਿਸ ਉਮਰ 'ਚ ਬਾਬਲ ਨੇ ਪੋਤੇ ਚੱਕਨੇ ਸੀ ਉਦੋਂ ਉਹ ਮੇਰੀ ਅਰਥੀ ਚੱਕ ਲੂ
ਸੋਚਦਾ ਸੋਚਦਾ ਮੇਰੀ ਕ੍ਰਾਂਤੀ ਦੀ ਅੱਗ ਠੰਡੀ ਪੈ ਗਈ
ਅਤੇ ਇਸ ਦੇ ਨਾਲ ਹੀ ਮੇਰੇ ਇਨਕਲਾਬ ਦੀ ਬੁਨਿਆਦ ਡਹਿ ਗਈ
ਹਰ ਵਾਰ ਦੀ ਤਰ੍ਹਾਂ ਮੇਰੇ ਇਨਕਲਾਬ ਦਾ ਸਫਰ ਪਹਿਲੇ ਹੀ ਕਦਮ ਪੁੱਟਣ ਨਾਲ ਮੁੱਕ ਗਿਆ
ਤੇ ਮੇਰੇ ਕਲਮ ਤੋਂ ਤਲਵਾਰ ਬਣਾਉਣ ਦਾ ਸੁਪਨਾ, ਸੁਪਨੇ ਵਿੱਚ ਹੀ ਟੁੱਟ ਗਿਆ
ਇਸ ਵਾਰ ਵੀ ਮੇਰੇ ਮਨ 'ਚ ਇਨਕਲਾਬ ਨਾਂ ਦਾ ਬੀਜ ਤਾ ਬੀਜਿਆ ਗਿਆ
ਪਰ ਬੂਟਾ ਹਲੇ ਹੋਣਾ ਹੀ ਸੀ ਕੇ ਮੇਰੇ ਸੋਚ ਨਾਂ ਦਾ ਪੰਛੀ ਬੀਜ ਮਿੱਟੀ 'ਚ ਕੱਢ ਕੇ ਲੈ ਗਿਆ
ਅਤੇ ਚੰਨੀ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਮੇਰਾ ਇਨਕਲਾਬ ਅਧੂਰਾ ਹੀ ਰਹਿ ਗਿਆ।

**ਚਰਨਜੀਤ ਚੰਨੀ**
ਬੀ.ਏ.-1
2392

## ਬਿਰਹਾ

ਤਲਖਾਂ ਦੇ ਭਿੱਜੇ ਅੱਥਰੂ, ਜਦ ਨਿੱਕਲੇ ਕਟਾਰਾਂ ਚੋਂ
ਉਹ ਪਾਣੀ ਬਣ ਚੋਂ ਗਏ, ਪੰਨੇ ਦੇ ਕਿਨਾਰਾਂ ਤੋ
ਉਹਨਾਂ ਪਿੱਛੇ ਮੁੜ, ਤੱਕ ਕੇ ਵੀ, ਹਾਲ ਪੁੱਛਿਆ ਨਾ
ਪਰ ਅਸੀਂ ਹਾਲ ਪੁੱਛਿਆਂ ਉਹਨਾਂ ਉੱਡਦੇ ਹੰਸਾਂ ਦੀਆਂ ਡਾਰਾਂ ਤੋਂ,
ਜਦ ਤੱਕ ਜੀਂਦੇ ਰਹੇ, ਭੁਲਾ ਨਾ ਸਕਾਗੇਂ ਦਿਲ ਤੋਂ ਉਸਦੀ ਤਸਵੀਰ
ਪਰ ਉਹਨਾਂ ਭੁਲਾ ਦਿੱਤਾ ਸਾਨੂੰ, ਕਰ ਸਾਡੇ ਦਿਲ ਦੀ ਤਫਤੀਸ
ਅਸੀਂ ਦਿਲ ਦੇ ਰਾਹਾਂ ਤੇ ਉਲੀਕਦੇ ਰਹੇ ਉਸਦਾ ਨਾਮ
ਪਰ ਉਹਨਾਂ ਸਾਡਾ ਨਾ ਮਿਟਾ ਦਿੱਤਾ, ਬਣਾਕੇ ਹੋਰ ਦਿਲਦਾਰਾ ਤੋਂ
ਅਸੀ ਜਿੱਥੇ ਅੱਜ ਖੜ੍ਹੇ ਹਾਂ, ਉਹ ਹੈ ਸਾਡੀ ਤਕਦੀਰ
ਪਰ ਅਜੇ ਵੀ ਤੈਨੂੰ ਪਛਾਣ ਲਵਾਂਗੇ ਗਿਣਤੀ ਹਜਾਰਾਂ ਚੋਂ

**ਹਰਵਿੰਦਰ ਕੌਰ**
ਬੀ.ਐਸ.ਸੀ.(ਨਾਨ-ਮੈਡੀਕਲ)-।।।
ਰੋਲ ਨੰ: 939

## ਮਾਂ

ਜਦ ਸਭਨਾ ਥਾਈਂ,
ਆਪ ਪਹੁੰਚ ਨਾ ਸਕਿਆ,
ਰੱਬ ਨੇ ਬਣਾਈ ਮਾਂ।
ਸਭ ਤੋਂ ਵੱਡਾ ਇਸ ਦੁਨੀਆਂ ਵਿੱਚ,
ਤੀਰਥ ਹੁੰਦੀ ਮਾਂ।
ਮੋਹ ਮਮਤਾ ਦੀ ਜਿਉਂਦੀ ਜਾਗਦੀ,
ਮੂਰਤ ਹੁੰਦੀ ਮਾਂ।
ਜਦ ਕੁਝ ਕਹਿੰਦੀ ਦਿਲ ਤੋ ਸੋਚੇ,
ਪਾਰਦਰਸ਼ੀ ਹੁੰਦੀ ਮਾਂ।
ਚਿਹਰਾ ਪੜ੍ਹ ਕੇ ਦਿਲ ਬੁੱਝ ਲੈਂਦੀ,
ਅੰਤਰਜਾਮੀ ਹੁੰਦੀ ਮਾਂ।
ਕੀ ਹੋਇਆ ਜੇ ਰੱਬ ਨਹੀ ਦੇਖਿਆ
ਰੱਬ ਵਰਗੀ ਹੁੰਦੀ ਮਾਂ।
ਮਾਂ ਦੀਆਂ ਦਿੱਤੀਆ ਦੁਆਵਾਂ ਦੀ,
ਮੇਰੇ ਸਿਰ ਤੇ ਛਾਂ।
ਰੱਬ ਵਰਗੀ ਹੁੰਦੀ ਮਾਂ।

**ਪ੍ਰਿੰਅਕਾ ਰਾਣੀ**
ਬੀ.ਏ. ਭਾਗ ਤੀਜਾ
ਰੋਲ ਨੰ: 9228

## ਅੱਖਾਂ

ਬੜਾ ਕੀਮਤੀ ਰੱਬੀ ਉਪਹਾਰ ਅੱਖਾਂ,
ਸੋਹਣਾ ਮੁੱਖ ਤੇ ਸੋਹਣਾ ਸਿੰਗਾਰ ਅੱਖਾ।
ਬਿਨਾਂ ਅੱਖਾਂ ਤੋਂ ਘੁੱਪ ਹਨ੍ਹੇਰ ਦੁਨੀਆਂ,
ਰੰਗ ਭਰ ਕੇ ਕਰਨ ਰੰਗਦਾਰ ਅੱਖਾਂ।
ਕਿਸੇ ਦੀ ਜਿੰਦਗੀ ਦੀ ਬੇੜੀ ਡਬੋ ਦਿੰਦੀਆਂ,
ਤੇ ਕਿਸੇ ਨੂੰ ਜਾਣ ਤਾਰ ਅੱਖਾਂ।
ਰੋਮ ਰੋਮ ਮਾਂ ਦਾ ਖਿੜ ਜਾਂਦਾ,
ਜਦ ਬੱਚਿਆਂ ਦਾ ਕਰਨ ਦੀਦਾਰ ਅੱਖਾਂ।
ਜਦੋ ਬੁੱਲ੍ਹਾਂ ਤੋ ਨੀ ਬੋਲੇ ਬੋਲ ਜਾਂਦੇ,
ਪਿਆਰ ਦਾ ਕਰਨ ਫਿਰ ਇਜਹਾਰ ਅੱਖਾਂ।
ਕੁੱਝ ਤੱਕ ਕੇ ਨੀਵੀ ਪਾ ਲੈਦੀਆਂ,
ਕੁੱਝ ਕਰਨ ਸੀਨੇ ਚੋ ਤੀਰ ਪਾਰ ਅੱਖਾਂ।
ਬਹੁਤ ਜੰਡ ਦੇ ਹੇਠ ਵਡਾਏ ਮਿਰਜੇ,
ਤੇ ਕਈ ਸੋਹਣੀਆਂ ਡੋਬੀਆਂ ਝਨਾਅ ਵਿਚਕਾਰ ਅੱਖਾਂ।
ਵੱਡੇ ਵੱਡੇ ਨੇ ਕੰਨ ਪੜਵਾ ਲੈਂਦੇ,
ਬੜਾ ਕਰਦੀਆ ਪੱਜਲ ਖੁਆਰ ਅੱਖਾਂ।
ਕਈਆਂ ਨੂੰ ਦੋਸਤ ਬਣਾਉਦੀਆਂ ਨੇ,
ਤੇ ਕਈਆਂ 'ਚ ਕਰਾਉਣ ਤਕਰਾਰ ਅੱਖਾਂ,
ਪੜ੍ਹ ਲਿਖ ਪੈਰਾ ਤੇ ਜਦ ਖੜ੍ਹੀ ਹੋ ਗਈ,
ਨਾ ਫਿਰ ਝੁਕਾਉਗੀ ਕਦੇ ਨਾਰ ਅੱਖਾਂ।
ਜਦ ਧੀ-ਪੁੱਤ ਬਦਨਾਮੀ ਕਰਾ ਦੇਦੇ,
ਉਦੋਂ ਹੁੰਦੀਆਂ ਬਾਬਲ ਦੀਆਂ ਸਰਮਸਾਰ ਅੱਖਾਂ।

**ਮਨਦੀਪ ਕੌਰ ਸਿੱਧੂ**
ਬੀ.ਏ. - ਭਾਗ ਤੀਜਾ
ਰੋਲ ਨੰ: 9016

## ਹਿਜ਼ਰਾ ਦੀ ਉਹ ਰਾਤ

ਹਿਜ਼ਰਾ ਦੀ ਉਹ ਰਾਤ
ਨੀਂਦਰ ਨੇ ਕਦ ਆਉਣਾ ਸੀ
ਹਿਜ਼ਰਾ 'ਚ ਧੁਖਦੀ ਉਹ ਰਾਤ ਸੀ
ਸਿਰਫ ਸਾਹ ਹੀ ਬਾਕੀ ਸਨ
ਬਿਨ ਤੇਰੇ ਉਵ ਕਾਹਨੂੰ ਬਾਕੀ ਜਿਉਣ ਦਾ ਅਹਿਸਾਸ ਸੀ।
ਨੀਂਦਰ ਨੇ ਕਦ ਆਉਣਾ ਸੀ
ਹਿਜ਼ਰਾ 'ਚ ਧੁਖਦੀ ਉਹ ਰਾਤ ਸੀ
ਵੈਣ ਪਾ ਹੋਈਆਂ ਸਨ ਮੱਥੇ ਦੀਆਂ ਲਿਖੀਆਂ
ਜਬਤ ਹੋ ਚੁੱਕੇ ਜਜ਼ਬਾਤ ਸੀ
ਦਿਲ ਤੇ ਲੱਗੀ ਸੀ ਸੱਟ ਡੂੰਘੀ
ਸਿਰਫ ਹੌਕੇ ਸਨ ਬਾਕੀ ਲਫਜਾਂ ਵਿੱਚ
ਜਿੰਦਗੀ ਦੇ ਅੰਤ ਦਾ ਆਖਿਰ ਉਹ ਆਗਾਜ਼ ਸੀ
ਨੀਂਦਰ ਨੇ ਕਦ ਆਉਣਾ ਸੀ
ਐਸੀ, ਹਿਜਰਾਂ 'ਚ ਧੁਖਦੀ ਉਹ ਰਾਤ ਸੀ।

**ਸੁਖਮੀਨ ਕੌਰ**
ਬੀ.ਐਸ.ਸੀ.(ਮੈਡੀਕਲ)
ਰੋਲ ਨੰ: 417

## ਔਰਤ ਦੀ ਦਸ਼ਾ

ਅੱਜ ਦੀ ਨਾਰੀ ਦੀ ਦਸ਼ਾ ਦਾ ਕੀ ਹਾਲ ਦੱਸਾਂ,
ਜੰਮਣ ਤੋ ਪਹਿਲਾਂ ਹੀ ਦਿੰਦੇ ਮਾਰ ਇੱਥੇ।
ਕੁੱਖ ਵਿੱਚ ਕਤਲ ਹੁੰਦੀਆਂ ਨੇ,
ਕੋਈ ਸੁਣਦਾ ਨੀ ਇੰਨਾਂ ਦੀ ਪੁਕਾਰ ਇੱਥੇ।
ਦਾਜ ਵਾਲੀ ਬਲੀ ਵੀ ਬਹੁਤ ਚੜ੍ਹਦੀਆਂ,
ਤੇਲ ਪਾ ਕੇ ਦਿੰਦੇ ਸਾੜ ਇੱਥੇ।
ਅੱਜ ਕੱਲ ਕੁੜੀ ਦੀ ਕੋਈ ਕਦਰ ਨਹੀਂ,
ਭਾਵੇਂ ਜੰਮੀਆਂ ਸਾਹਿਬ ਕੌਰ, ਮਹਿਤਾਬ ਇੱਥ
ਪਰ ਫਿਰ ਵੀ ਮਰਦ ਜਾਤ ਵਾਲੇ ਜੁੱਤੀ ਸਮਝਣ ਇਹਨੂੰ
ਕਰ ਦਿੰਦੇ ਨੇ ਬਰਬਾਦ ਇੱਥੇ
ਰਾਜਨੀਤਿਕ ਲੀਡਰ ਭਾਵੇ ਬਣ ਗਈ ਨਾਰੀ,
ਪਰ ਹੁੰਦੀ ਬੜੀ ਹੈ ਮਾਰੋ ਮਾਰ ਇੱਥੇ।
ਔਰਤ ਨੂੰ ਮਰਦ ਬਰਾਬਰ ਖੜ੍ਹਾ ਕਰਨਾ,
ਨੇਤਾ ਕਰਦੇ ਨੇ ਬੜਾ ਪ੍ਰਚਾਰ ਇੱਥੇ
ਉਸਨੂੰ ਕਿਉ ਮੰਦਾ ਆਖੀਐ
ਜਿਸ ਪੈਦਾ ਕੀਤੇ ਨਾਨਕ ਜਿਹੇ ਅਵਤਾਰ ਇੱਥੇ।
ਕੀ ਹੋਇਆ ਗੁਨਾਹ ਇਸ ਵਿਚਾਰੀ ਕੋਲੋ,
ਜਿਹਨੂੰ ਡੱਟ ਕੇ ਕਰਦੇ ਨੇ ਬਦਨਾਮ ਇੱਥੇ .....।

**ਗਗਨਦੀਪ ਕੌਰ ਚਹਿਲ**
ਬੀ.ਐਸ.ਸੀ.(ਨਾਨ ਮੈਡੀਕਲ)
ਭਾਗ ਤੀਜਾ
ਰੋਲ ਨੰ: 916

## ਕਵਿਤਾ

ਕਵਿਤਾ ਕਿਸੇ ਹੱਟ ਤੇ ਪਈ ਕੋਈ ਚੀਜ਼ ਨਹੀ
ਜਿਸਨੂੰ ਖਰੀਦ ਲਵਾਂਗੇ ਦੇ ਕੇ ਦਾਣਿਆ ਦਾ ਲੱਪ
ਕਵਿਤਾ ਤਾਂ ਦਿਲ ਚੋ ਫੁੱਟਦਾ ਸ਼ਬਦਾਂ ਦਾ ਲਾਵਾ ਹੈ
ਜਿਸਨੂੰ ਦਿਮਾਗ ਦਿਲ 'ਚ ਪਰੋਅ ਕੇ ਰੱਖਦਾ ਹੈ
ਕਵਿਤਾ ਕਿਤੇ ਨਿੱਕੀ ਹੱਸਦੀ ਬਾਲੜੀ ਲੱਗਦੀ ਹੈ
ਤੇ ਕਦੇ ਚੰਡੀ ਦਾ ਰੂਪ ਧਾਰਦੀ ਹੈ
ਕਵਿਤਾ ਕਿਤੇ ਗਾਉਂਦੀ ਹੈ ਗੀਤ ਖੁਸ਼ੀਆਂ ਦੇ
ਕਵਿਤਾ ਕਿਤੇ ਨਾਜੁਕ ਫੁੱਲਾ ਨਾਲ ਖੇਡਦੀ ਨਜਰ ਆਉਂਦੀ ਹੈ
ਤੇ ਕਦੇ ਹਥਿਆਰਾ ਨਾਲੋਂ ਵੀ ਤਿੱਖੇ ਫੱਟ ਲਾਉਂਦੀ ਹੈ
ਕਵਿਤਾ ਕਿਤੇ ਦਾਦ ਹਾਸਿਲ ਕਰਦੀ ਹੈ
ਤੇ ਕਦੇ ਆਲੋਚਕਾ ਦੀਆ ਫਿਟਕਾਰਾਂ ਸਹਿੰਦੀ ਹੈ
ਕਵਿਤਾ ਕਦੇ ਕਿਸੇ ਸੋਹਣੀ ਦੀਆਂ ਸਿਫਤਾ ਕਰਦੀ ਹੈ
ਤੇ ਕਦੇ ਆਪਣੇ ਹੱਕਾ ਲਈ ਲੜਦੀ ਹੈ
ਕਵਿਤਾ ਕਦੇ ਰਹਿ ਜਾਂਦੀ ਆ ਪੰਨਿਆ 'ਚ ਸਿਮੜ ਕੇ
ਤੇ ਕਦੇ ਲੋਕਾਂ 'ਚ ਜਾ ਕੇ ਖਰੂਦ ਪਾਉਂਦੀ ਹੈ
ਕਵਿਤਾ ਕਦੇ ਉੱਡਣਾ ਚਾਹੁੰਦੀ ਹੈ ਅਸਮਾਨਾਂ 'ਚ
ਤੇ ਕਦੇ ਮਿੱਟੀ ਨਾਲ ਮਿੱਟੀ ਹੋ ਕੇ ਰਹਿ ਜਾਂਦੀ ਹੈ
ਕਵਿਤਾ ਕਿਤੇ ਸੂਖਮ ਤੇ ਸੁਹਜਮਈ ਅਹਿਸਾਸ ਹੈ
ਤੇ ਕਦੇ ਭਾਬੜ ਮਚਾਉਂਦੀ ਹੈ
ਕਰਮੀ ਨੂੰ ਤਾ ਕਵਿਤਾ ਆਪਣੀ ਦੋਸਤ ਲੱਗਦੀ ਹੈ
ਜੋ ਆਉਂਦੀ ਹੈ ਤੇ ਰਾਗਾਂ ਨੂੰ ਛੇੜ ਤੁਰ ਜਾਂਦੀ ਹੈ।

**ਕਰਮਜੀਤ ਕੌਰ ਕਰਮੀ**
ਬੀ.ਏ. -।।

## ਆ ਸੱਜਣਾ...

ਆ ਸੱਜਣਾ ਆਪਾਂ ਦਰਦ ਵੰਡਾਈਏ
ਕੁਝ ਤੂੰ ਬੋਲੇ ਕੁਝ ਮੈ ਸੱਜਣਾ
ਸਾਨੂੰ ਦੁਨੀਆਂ ਦੀ ਨਾ ਸਾਰ ਹੋਵੇ
ਕੋਈ ਐਸੇ ਦਰਦ ਨੂੰ ਛੋਹ ਸੱਜਣਾ
ਇਹ ਦੁਨੀਆਂ ਮੰਨੇ ਪੈਸੇ ਨੂੰ
ਆ ਮਾਇਆ ਮੋਹ ਆਪਾਂ ਤੋੜ ਲਈਏ
ਦੋ ਪਾਕ ਪਵਿੱਤਰ ਰੂਹਾਂ ਦਾ
ਜ਼ਿੰਦਗੀ ਲਈ ਨਾਤਾ ਜੋੜ ਲਈਏ
ਆ ਕਰੀਏ ਵਣਜ ਪਿਆਰਾਂ ਦਾ
ਤੇ ਕੁਦਰਤ ਦੀਆਂ ਬਹਾਰਾਂ ਦਾ
ਰੂਹ ਆਪਣੀ ਖਿੜੇ ਗੁਲਾਬ ਵਾਗੂੰ
ਤੇ ਟੁੱਟੇ ਰੋਗ ਬਿਮਾਰਾ ਦਾ
ਆ ਸੱਜਣਾ ਦੋ ਪਲ ਬਹਿ ਜਾਈਏ
ਬਿਨ ਬੋਲਿਆਂ ਸਭ ਕਹਿ ਜਾਈਏ
ਸਾਨੂੰ ਬੋਲਣ ਦੀ ਨਾ ਲੋੜ ਹੋਵੇ
ਨੈਣਾ ਨਾਲ ਗੱਲਾ ਕਹਿ ਜਾਈਏ।

**ਵੀਰਪਾਲ ਕੌਰ**
ਬੀ.ਏ. ਭਾਗ ਤੀਜਾ
ਰੋਲ ਨੰ: 9054

# ਟਾਕੀਆ ਵਾਲੀ ਸੜਕ

ਅੱਜ ਜੁਗਨੂੰ ਸਵੇਰ ਤੋਂ ਜਿੱਦ ਕਰ ਰਿਹਾ ਸੀ ਕਿ ਉਸਨੇ ਮੇਲੇ ਜਾਣਾ ਹੈ, ਕਿਉਕਿ ਦੋਸਤਾਂ ਨੇ ਉਸਨੂੰ ਮੇਲੇ ਬਾਰੇ ਦੱਸ ਦੱਸ ਕੇ ਐਨਾ ਉਤਸਕ ਕਰ ਦਿਤਾ ਸੀ ਕਿ ਉਸਨੂੰ ਲੱਗਿਆ ਜਿਸ ਨੇ ਮੇਲਾ ਨਹੀਂ ਦੇਖਿਆ ਉਸਦੀ ਕੋਈ ਜ਼ਿੰਦਗੀ ਨਹੀ। ਉਸਦੀ ਮਾਂ ਉਸਨੂੰ ਕਦੇ ਕੋਈ, ਕਦੇ ਕੋਈ ਕੰਮ ਦੱਸਕੇ ਉਸਨੂੰ ਟਾਲ ਰਹੀ ਸੀ ਕਿ ਉਹ ਮੇਲਾ ਭੁੱਲ ਜਾਵੇ। ਪਰ ਜੁਗਨੂੰ ਮਾਂ ਦੇ ਹਰ ਕਹੇ ਕੰਮ ਨੂੰ ਭੱਜ ਭੱਜ ਕੇ ਨਿਬੇੜ ਦੇਵੇ। ਉਸਦੀ ਮਾਂ ਉਸਨੂੰ ਕਦੇ ਕੋਈ ਬਹਾਨਾ ਲਗਾਵੇ ਤੇ ਕਦੇ ਕੋਈ ਪਰ ਉਸਦੀ ਕੋਈ ਪੇਸ਼ ਨਾ ਜਾਵੇ । ਜੁਗਨੂੰ ਨੂੰ ਤਾਂ ਇਕ ਮੇਲੇ ਤੋਂ ਬਿਨਾਂ ਹੋਰ ਕੁਝ ਸੁਣਦਾ ਹੀ ਨਹੀਂ ਸੀ।

ਆਖਰ ਹਾਰ ਹੱਟ ਕੇ ਉਸਦੀ ਮਾਂ ਨੇ ਕਿਹਾ ਚੱਲ ਮੈ ਤੈਨੂੰ ਮੇਲਾ ਵਿਖਾ ਲਿਆਉਂਦੀ ਹਾਂ ਪਰ ਜਾਣਾ ਤੈਨੂੰ ਤੁਰ ਕੇ ਪਵੇਗਾ। ਜੁਗਨੂੰ ਮੰਨ ਗਿਆ। ਪਾਟੇ ਕੁੜਤੇ ਨੂੰ ਲੀਰਾਂ ਲਾ ਕੇ ਸਿਉਂਤਾ ਤੇ ਕੱਲ ਦਾ ਰੀਝ ਨਾਲ ਧੋ ਰੱਖਿਆ ਟਾਕੀਆਂ ਵਾਲਾ ਕੁੜਤਾ ਪਾ ਕੇ ਮਾਂ ਪੁੱਤ ਦੇਵੇ ਮੇਲੇ ਨੂੰ ਤੁਰ ਪਏ । ਜੁਗਨੂੰ ਬਹੁਤ ਖੁਸ਼ ਸੀ ਪਰ ਮਾਂ ਫਿਕਰਾਂ ਦੀ ਮਾਰੀ ਪਈ ਸੀ ਕਿ ਬਿਨਾਂ ਪੈਸਿਆਂ ਤੋ ਉਸਨੂੰ ਕੀ ਲੈ ਕੇ ਦੇਵੇਗੀ। ਉਸਨੂੰ ਡਰ ਸੀ ਕਿ ਮੇਲੇ ਵਿਚ ਵੰਨ ਸੁਵੰਨੀਆਂ ਚੀਜਾਂ ਦੇਖ ਕੇ ਜੁਗਨੂੰ ਉਹਨਾਂ ਨੂੰ ਖਰੀਦਣ ਦੀ ਜਿੱਦ ਕਰੇਗਾ। ਮੇਲੇ ਜਾਦੇ ਜੁਗਨੂੰ ਦੀਆ ਪੈੜਾ ਖੁਸ਼ੀ ਵਿੱਚ ਤੇ ਮਾਂ ਦੀਆਂ ਪੈੜਾਂ ਸੋਚਾਂ ਵਿੱਚ ਡੁੱਬੀਆਂ ਸਨ। ਅਖੀਰ ਉਹ ਮੇਲੇ ਵਾਲੀ ਜਗ੍ਹਾਂ ਤੇ ਪਹੁੰਚ ਗਏ। ਮੇਲੇ ਦੀ ਰੌਣਕ ਦੇਖ ਕੇ ਅਤੇ ਚੱਕਰ ਚੁੱਡੇਲ ਵੇਖ ਕੇ ਜੁਗਨੂੰ ਦੋਸਤਾਂ ਦੀਆ ਕਹੀਆ ਗੱਲਾ ਸੱਚੀਆਂ ਲੱਗੀਆਂ ਤੇ ਮਾਂ ਨੂੰ ਝੂਟੇ ਲੈਣ ਲਈ ਕਿਹਾ। ਮਾਂ ਨੇ ਕਿਹਾ ਇਸ ਨਾਲ ਚੱਕਰ ਆ ਜਾਣਗੇ ਅਤੇ ਤੂੰ ਅੱਜ ਤੱਕ ਕਦੇ ਨਹੀ ਚੜ੍ਹਿਆਂ , ਕਿਤੇ ਉਲਟੀਆਂ ਨਾ ਲੱਗ ਜਾਣ। ਅੱਗੇ ਹੋਰ ਖਿਡਾਉਣੇ ਦੀਆਂ ਦੁਕਾਨਾ ਲੱਗੀਆਂ ਹੋਈਆਂ ਦੇਖ ਕੇ ਉਹ ਕਦੇ ਕਿਸੇ ਚੀਜ ਦੀ ਮਾਂ ਕੋਲ ਮੰਗ ਕਰਦਾ ਕਦੇ ਕਿਸੇ ਚੀਜ਼ ਦੀ। ਪਰ ਮਾਂ ਕੋਈ ਨਾ ਕੋਈ ਬਹਾਨਾ ਲਾ ਕੇ ਉਸਨੂੰ ਅੱਗੇ ਲੈ ਜਾਂਦੀ। ਕੁਝ ਸਮਾਂ ਘੁੰਮ ਕੇ ਮਾਂ ਪੁੱਤ ਥੱਕ ਚੁੱਕੇ ਸਨ। ਮਾਂ ਨੇ ਕਿਹਾ ਚੱਲ ਵਾਪਸ ਚੱਲੀਏ, ਮੈ ਤੈਨੂੰ ਖਾਣ ਲਈ ਚੀਜ਼ ਪਿੰਡ ਦੀ ਦੁਕਾਨ ਤੇ ਲੈ ਦੇਵੇਗੀ।

ਵਾਪਸੀ ਸਫਰ ਤੇ ਜੁਗਨੂੰ ਦਾ ਮੂੰਹ ਉਤਰਿਆ ਹੋਇਆ ਸੀ ਤੇ ਮਾਂ ਨੂੰ ਕੁਝ ਸਵਰ ਸੀ ਕਿ ਉਸਨੇ ਜੁਗਨੂੰ ਨੂੰ ਟਾਲ ਦਿਤਾ ਪਰ ਮਨ ਵਿੱਚ ਦੁਖੀ । ਇਨ੍ਹਾਂ ਸੋਚਾ ਵਿਚ ਉਸਦਾ ਪੈਰ ਪੱਥਰ ਨਾਲ ਜਾ ਲੱਗਿਆ ਤੇ ਉਸਦਾ ਬਟੂਆ ਡਿੱਗ ਪਿਆ। ਜੁਗਨੂੰ ਨੇ ਭੱਜ ਕੇ ਬਟੂਆ ਚੁੱਕ ਕੇ ਵੇਖਿਆ ਤਾ ਬਟੂਆ ਖਾਲੀ ਸੀ। ਜੁਗਨੂੰ ਨੇ ਇਕ ਪਲ ਲਈ ਮਾਂ ਦੀਆ ਅੱਖਾਂ ਵਿੱਚ ਦੇਖਿਆ ਤੇ ਫਿਰ ਉਸਨੂੰ ਸਮਝ ਆਈ ਕਿ ਉਸਦੀ ਮਾਂ ਐਵੇ ਨਹੀ, ਬਲਕਿ ਮੁਸੀਬਤਾ ਦੀ ਮਾਰੀ ਉਸਨੂੰ ਟਾਲੇ ਲਾ ਰਹੀ ਸੀ। ਉਸਦੀਆਂ ਅੱਖਾਂ ਵਿਚ ਅੱਥਰੂ ਸਨ ਤੇ ਜਿਸ ਸੜਕ ਤੇ ਉਹ ਤੁਰ ਰਿਹਾ ਸੀ ਉਹ ਬੁਰੀ ਤਰ੍ਹਾ ਟੁੱਟੀ ਹੋਈ ਸੀ ਤੇ ਕਿਤੇ ਕਿਤੇ ਟਾਕੀਆਂ ਲੱਗੀਆਂ ਹੋਈਆਂ ਸਨ। ਜੁਗਨੂੰ ਸੋਚ ਰਿਹਾ ਸੀ ਕਿ ਮੇਰੀ ਮਾਂ ਤਾ ਗਰੀਬ ਹੈ ਜੋ ਕੁਝ ਨਹੀਂ ਕਰ ਸਕਦੀ। ਪਰ ਸੜਕ ਤਾ ਸਰਕਾਰਾਂ ਦੀ ਹੈ ਤਾ ਇਸਨੂੰ ਕਿਉ ਪੱਕਾ ਨਹੀ ਕਰਦੇ। ਉਹ ਆਪਣੀ ਗਰੀਬ ਹਾਲਤ ਦਾ ਮੁਕਾਬਲਾ ਸੜਕ ਨਾਲ ਕਰ ਰਿਹਾ ਸੀ। ਉਹ ਆਪਣੇ ਮਨ ਵਿਚ ਹੀ ਕਹਿ ਰਿਹਾ ਸੀ ਕਿ ਕਦੇ ਸਾਡੇ ਤੇ ਵੀ ਚੰਗੇ ਦਿਨ ਆਉਣਗੇ ਤੇ ਇਸ ਟਾਕੀਆਂ ਵਾਲੀ ਸੜਕ ਤੇ ਵੀ। ਅਜੇ ਤੱਕ ਤਾਂ ਇਹ ਸੜਕ ਵੀ ਸਾਡੇ ਵਰਗੀ ਹੈ। ਇਹ ਕਹਿ ਕੇ ਉਸਨੇ ਆਪਣੀ ਮਾਂ ਦਾ ਹੱਥ ਘੁੱਟ ਕੇ ਫੜ ਲਿਆ ਜਿਵੇਂ ਉਹ ਮਾਂ ਦਾ ਮੇਲਾ ਦਿਖਾਉਣ ਦਾ ਧੰਨਵਾਦ ਕਰ ਰਿਹਾ ਹੋਵੇ। ਹੁਣ ਜੁਗਨੂੰ ਦੇ ਮਨ ਵਿਚ ਕੋਈ ਗੁੱਸਾ ਨਹੀਂ ਸੀ ਕਿ ਉਸਦੀ ਮਾਂ ਨੇ ਮੇਲੇ ਵਿਚੋ ਕੁਝ ਨਹੀ ਲੈ ਕੇ ਦਿੱਤਾ। ਪਰ ਉਹ ਆਪਣੇ ਮਨ ਹੀ ਮਨ ਕਹਿ ਰਿਹਾ ਸੀ ਕਿ ਸਾਡੇ ਗਰੀਬਾਂ ਦੇ ਘਰਾਂ ਨੂੰ ਜਾਣ ਲਈ ਸੜਕ ਵੀ ਟਾਕੀਆਂ ਵਾਲੀ ਹੈ।

**ਪ੍ਰਿਅੰਕਾਂ**
ਬੀ.ਏ ਭਾਗ ਤੀਜਾ
ਰੋਲ ਨੰ: 9049

# ਚਿੱਟਾ ਮੱਛਰ ਬਨਾਮ ਕਿਸਾਨ

"ਪਹਿਲਾਂ ਖੇਤਾਂ ਦੇ ਵਿੱਚ ਹੁੰਦਾ ਸੀ, ਉਹ ਲੋਹੜੇ ਦਾ ਸ਼ਬਾਬ,
ਦੁਨਿਆ ਦਾ ਅੰਨ ਦਾਤਾ ਵੀ ਰਹਿੰਦਾ ਸੀ, ਉਦੋਂ ਬਣਕੇ ਨਵਾਬ" ਪਰ ਹੁਣ,
ਸ਼ਾਹੂਕਾਰ ਤੋਂ ਰੋਕੜੀ ਲੈਣ ਲਈ, ਉਹ ਰੋਣਾ ਰੋਂਦਾ ਏ,
ਤਾਹੀਂਉਂ ਤਾਂ ਫਿਰ ਕੋਠੇ 'ਤੇ ਕੱਲਾ-ਬਹਿ-ਬਹਿ ਰੋਂਦਾ ਏ।
ਬੜੇ ਚਾਵਾਂ ਨਾਲ ਮਕਾਨ ਦੀਆਂ ਓਦੋਂ ਨੀਹਾਂ ਪੁੱਟੀਆਂ ਸੀ,
ਵਿਆਹ ਕਾਰਜ ਦੀਆਂ ਆਸਾਂ ਵੀ ਇਸ ਨਰਮੇ 'ਤੇ ਰੱਖੀਆਂ ਸੀ।
ਪਰ ਇਨ੍ਹਾਂ ਗੱਲਾਂ ਵਿੱਚ ਨਹੀਂ ਕਿਸੇ ਦਾ ਗੁਨਾਹ,
ਕੱਲੇ-ਕੱਲੇ ਪੁੱਤ ਕੀਤੇ ਜੀਹਨੇ ਮਾਵਾਂ ਦੇ ਫਨਾਹ।
ਤਾਂਹੀਉਂ ਤਾਂ ਹਰ ਕੋਈ ਰੋਂਦਾ ਏ, ਮਰ ਚੁੱਕੇ ਜਵਾਨਾਂ ਨੂੰ।
'ਚਿੱਟੇ-ਮੱਛਰ' ਨੇ ਖਾ ਲਿਆ, ਪੰਜਾਬ ਦੇ ਕਿਸਾਨਾਂ ਨੂੰ।
ਹਜ਼ਾਰਾਂ ਵਿੱਚ ਸਪਰੇਆਂ ਕਰਕੇ, ਨਾ ਪੱਲੇ ਕੁਝ ਵੀ ਪੈਂਦਾ ਏ,
ਚਾਂਦੀ ਵਰਗੇ ਨਰਮੇ ਦਾ ਮੁੱਲ ਕੌਡੀਆਂ ਦੇ ਭਾਅ ਪੈਂਦਾ ਏ।
ਕਾਰੋਬਾਰੀਆਂ ਨੇ ਵੀ ਕਰੋੜਾਂ ਦਾ ਧਨ, ਏਦਾਂ ਲਿਆ ਕਮਾ,
ਨਕਲੀ ਦਵਾਈਆਂ ਵੇਚਣ ਦਾ , ਇੱਕ ਧੰਦਾ ਲਿਆ ਚਲਾ,
ਖੇਤੀ ਮਹਿਕਮਾ ਕਹਿੰਦਾ , ਹੈ ਇਸ ਵਿੱਚ ਕਸੂਰ ਕਿਸਾਨਾਂ ਦਾ,
ਚਿਹਰਾ ਬੇਨਕਾਬ ਨਹੀਂ ਕਰਦੇ, ਵਿਚਲੇ ਬੇਈਮਾਨਾਂ ਦਾ।
ਕਿੰਨੀ ਔਖੀ ਖੇਤੀ ਕਰਨੀ, ਇਹ ਕੀ ਪਤਾ ਅੱਜ ਕੱਲ ਦੇ ਨਦਾਨਾਂ ਨੂੰ,
'ਚਿੱਟੇ-ਮੱਛਰ' ਨੇ ਖਾ ਲਿਆ , ਪੰਜਾਬ ਦੇ ਕਿਸਾਨਾਂ ਨੂੰ।
ਸਾਰੇ ਅੱਕੇ ਹੋਏ ਕਿਸਾਨ, ਜਦ ਧਰਨੇ ਲਾਉਂਦੇ ਨੇ,
150 ਰੁਪਏ ਦੇ ਚੈੱਕ ਫਿਰ ਘਰਾਂ 'ਚ ਆਉਂਦੇ ਨੇ।
ਠੇਕੇ 'ਤੇ ਲਈਆਂ ਜਮੀਨਾਂ ਦਾ, ਵੀ ਨਾ ਹੁੰਦਾ ਕੋਈ ਫਾਇਦਾ ਏ,
ਪਰ 40,000 ਰੁਪਇਆ ਕਿੱਲੇ ਦਾ, ਦੇਣਾ ਤਾਂ ਕਿਸਾਨਾਂ ਨੇ ਬਕਾਇਦਾ ਏ।
'ਔਲਖ'ਕਰਦੀ ਏ ਸਲਾਮ ,ਦੁਨੀਆ ਦੇ ਅੰਨਦਾਤਾ ਨੂੰ
ਸਰਕਾਰ ਨੂੰ ਵੀ ਇੱਕ ਗੁਜਾਰਿਸ਼ ਕਿ ਹੁਣ ਤਾਂ,
ਜਿਣਸ ਦਾ ਵਾਜਬ ਮੁੱਲ ਦਿਓ ਖੇਤੀ ਦੇ ਜਵਾਨਾਂ ਨੂੰ,
ਕਿਉਂਕਿ ਇਸ ਵਾਰ ਤਾਂ
'ਚਿੱਟੇ-ਮੱਛਰ' ਨੇ ਹੀ ਖਾ ਲਿਆ , ਪੰਜਾਬ ਦੇ ਕਿਸਾਨਾਂ ਨੂੰ।
'ਚਿੱਟੇ-ਮੱਛਰ' ਨੇ ਹੀ ਖਾ ਲਿਆ, ਪੰਜਾਬ ਦੇ ਕਿਸਾਨਾਂ ਨੂੰ।

**ਮਨਜੋਤ ਕੌਰ 'ਔਲਖ'**
ਬੀ.ਐਸ.ਸੀ(ਮੈਡੀਕਲ)-ਭਾਗ ਪਹਿਲਾ
ਰੋਲ ਨੰ:-01